


# ਮਹਿਕ-ਏ-ਵਤਨ

# Mehak E wattan

Monthly Newspaper




Hardev Brar
Chief Editor


• Vol-I • Issue-5 • Phone : +64,274-427-338, +64 09 3900004 • mehakewattan@gmail.com • October 2023



ਆਕਲੈਂਡ 'ਚ ਪਾਣੀ ਦੇ ਖਰਚੇ ਹੋ ਸਕਦੇ ਹਨ ਦੁੱਗਣੇ - ਕੌਂਸਲ ਸਟਾਫ 9





10 ਪਾਪੀ ਅਤੇ ਜ਼ਾਲਮ ਬਾਪ





13 ਭਾਰਤ ਦੇ ਜਾਤੀਗਤ ਅੰਕੜੇ ਜਾਣਨਾ ਜ਼ਰੂਰੀ : ਰਾਹੁਲ ਗਾਂਧੀ







19 ਲੋਹੜੀ ਦੀ ਰਸਮ ਅਤੇ ਗੀਤ


# ਨਿਊਜ਼ੀਲੈਂਡ 'ਚ 'ਸਿੱਖ ਚਿਲਡਨ ਡੇਅ' ਮੌਕੇ ਸ਼ਾਮਿਲ ਹੋਏ ਸਿਖਿਆ ਮੰਤਰੀ ਜੇਨ ਤਿਨੇਤੀ

ਆਕਲੈਂਡ- ਸਿੱਖ ਭਾਈਚਾਰੇ ਦੇ ਬੱਚਿਆਂ ਨੂੰ ਸਿੱਖ ਸੱਭਿਆਚਾਰ ਅਤੇ ਵਿਰਾਸਤ ਦੇ ਨਾਲ ਜੋੜਨ ਦੇ ਮਕਸਦ ਨੂੰ ਲੈ ਕੇ ਇੱਕ ਵਿਸ਼ੇਸ਼ ਪ੍ਰੋਗਰਾਮ ਦੇ ਰੂਪ ਵਿੱਚ ਸੁਪਰੀਮ ਸਿੱਖ ਸੁਸਾਇਟੀ ਨਿਊਜ਼ੀਲੈਂਡ ਵੱਲੋਂ ਸਿੱਖ ਬਾਲ ਦਿਵਸ ਦਾ ਆਯੋਜਨ ਕੀਤਾ ਗਿਆ ਹੈ।ਹਰ ਸਾਲ ਕਰਵਾਏ ਜਾਂਦੇ ਇਸ ਪ੍ਰੋਗਰਾਮ ਦੇ ਵਿੱਚ ਸ਼ਨੀਵਾਰ ਨੂੰ ਟਾਕਾਨੀਨੀ ਦੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਕਈ ਧਰਮ-ਅਧਾਰਤ ਮੁਕਾਬਲੇ ਦੇਖਣ ਨੂੰ ਮਿਲੇ।ਉੱਥੇ ਹੀ ਇਸ ਵਿਸ਼ੇਸ਼ ਪ੍ਰੋਗਰਾਮ ਦੇ ਵਿੱਚ ਨਿਊਜ਼ੀਲੈਂਡ ਦੀ ਸਿੱਖਿਆ ਮੰਤਰੀ ਜਾਨ ਟਿਨੇਟੀ ( Jan Tinetti ) ਨੇ ਵੀ ਖ਼ਾਸ ਤੌਰ 'ਤੇ ਸ਼ਿਰਕਤ ਕੀਤੀ।ਇਸ ਦੌਰਾਨ ਉਨ੍ਹਾਂ ਦੇ ਨਾਲ ਡਾ ਅਨੇ ਨੇਰੂ ਲੀਵਾਸਾ ਅਤੇ ਐਮਪੀ ਖੜਗ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਗੁਰਦੁਆਰਾ ਸ਼੍ਰੀ ਕਲਗੀਧਰ ਸਾਹਿਬ ਟਾਕਾਨੀਨੀ ਵਿਖੇ ਜਾਰੀ 'ਸਿੱਖ ਚਿਲਡਰਨ ਡੇਅ' ਦੇ ਪਹਿਲੇ ਦਿਨ ਪਹਿਲੀ ਵਾਰ ਨਿਊਜ਼ੀਲੈਂਡ ਦੀ ਸਿਖਿਆ,ਮਹਿਲਾ ਅਤੇ ਬਾਲ ਗਰੀਬੀ ਘਟਾਓ ਮੰਤਰੀ ਮਾਣਯੋਗ ਜੇਨ ਤਿਨੇਤੀ ਨੇ ਸ਼ਿਰਕਤ ਕੀਤੀ।ਇਸ ਸੰਬੰਧੀ ਜਾਣਕਾਰੀ ਦਿੰਦਿਆ ਸਿੱਖ ਸੁਸਾਇਟੀ



ਦੇ ਸ. ਪ੍ਰਧਾਨ ਦਲਜੀਤ ਸਿੰਘ ਕਿਹਾ ਕਿ ਪਹਿਲੀ ਵਾਰ 900 ਤੋ 1000 ਦੇ ਕਰੀਬ ਬੱਚਿਆਂ ਨੇ ਇਕੱਠਿਆ ਇੱਕ ਧਾਰਮਿਕ ਅਸਥਾਨ ਉੱਤੇ ਆਪਣੀ ਬੋਲੀ, ਧਰਮ ਅਤੇ ਵਿਰਸੇ ਦੀ ਦੀ ਜਾਣਕਾਰੀ ਲੈਂਦਿਆ ਦੇਖਿਆ ਇਹ ਸਭ ਦੇਖ ਕੇ ਮਨ ਬਹੁਤ ਖੁਸ਼ ਹੋਇਆ। ਬੱਚਿਆ ਵੱਲੋਂ ਧਾਰਮਿਕ ਗਾਇਨ, ਕਵਿਤਾ ਮੁਕਾਬਲੇ,ਕਲਾ ਮੁਕਾਬਲੇ ਅਤੇ ਹੋਰ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਨੂੰ ਵੇਖ ਪ੍ਰਬੰਧਕਾਂ ਨੂੰ , ਸੁਪਰੀਮ ਸਿੱਖ ਸੁਸਾਇਟੀ ਅਤੇ ਖਾਲਸਾ ਹੈਰੀਟੇਜ ਸਕੂਲ ਪ੍ਰਬੰਧਕਾਂ ਨੂੰ ਵਧਾਈ ਦਿੱਤੀ।

ਸਾਂਸਦ ਨੀਰੂ ਲੇਵਾਸਾ ਅਤੇ ਹਲਕਾ ਟਾਕਾਨੀਨੀ ਉਮੀਦਵਾਰ ਨੇ ਦੱਸਿਆ ਕਿ ਅਕਸਰ ਉਹ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦੇ ਦਰਸ਼ਨ ਕਰਨ ਜਾਂਦੇ ਹਨ ਅਤੇ ਓਹਨਾਂ ਨੂੰ ਬੜਾ ਮਾਣ ਹੁੰਦਾ ਹੈ ਕਿ ਉਹਨਾਂ ਦੇ ਹਲਕੇ ਵਿੱਚ ਇਹ ਸਿੱਖ ਸੰਸਥਾ ਬਹੁਤ ਸਾਰੇ ਕਮਿਊਨਿਟੀ ਕਾਰਜ ਲੈ ਕੇ ਆਉਂਦੀ ਹੈ।ਸੈਕੜੇ ਬੱਚੇ ਹਫਤਾਵਾਰੀ ਸਕੂਲ ਅਤੇ ਬਾਲਬਾੜੀ ਸਕੂਲ ਦੇ ਵਿੱਚ ਵੱਖ-ਵੱਖ ਸਿਖਿਆ ਪ੍ਰਾਪਤ ਕਰਦੇ ਹਨ।

ਹਲਕਾ ਬੌਟਨੀ ਤੋਂ ਲੇਬਰ ਪਾਰਟੀ ਵੱਲੋਂ ਪਹਿਲੀ ਵਾਰ ਸਿੱਖ ਉਮੀਦਵਾਰ ਬਣਾਏ ਗਏ ਸ: ਖੜਗ ਸਿੰਘ ਨੇ ਕਿਹਾ ਕਿ ਸਿੱਖ ਚਿਲਡਰਨ ਦਿਵਸ ਮਨਾਉਣਾ ਇਹਨਾਂ ਮੁਲਕਾਂ ਦੇ ਵਿੱਚ ਵੱਡੀ ਮਹੱਤਤਾ ਰੱਖਦਾ ਹੈ।ਗੁਰਦੁਆਰਾ ਸਾਹਿਬ ਕਲਗੀਧਰ ਵਿਖੇ ਹਰ ਸਾਲ ਵੱਡੇ ਪੱਧਰ ਉੱਤੇ 'ਸਿੱਖ ਚਿਲਡਰਨ ਡੇਅ' ਮਨਾਉਣਾ ਬੱਚਿਆ ਨੂੰ ਆਪਣੇ ਧਰਮ ਤੇ ਵਿਰਸੇ ਨਾਲ ਜੋੜਨ ਦਾ ਉਦਮ ਹੈ ਅਤੇ ਇਹ ਉਦਮ ਕਾਮਯਾਬ ਵੀ ਹੈ।ਸਿੱਖ ਬੱਚੇ ਜਿੱਥੇ ਸਥਾਨਿਕ ਸਿੱਖਿਆ



ਦੇ ਨਾਲ ਉਚ ਪੜ੍ਹਾਈ ਹਾਸਿਲ ਕਰਦੇ ਹਨ ਉਥੇ ਆਪਣੇ ਧਰਮ ਅਤੇ ਗੁਰਬਾਣੀ ਦੇ ਨਾਲ ਜੁੜਨ ਦੇ ਲਈ ਪੰਜਾਬੀ ਭਾਸ਼ਾ,ਗੁਰਬਾਣੀ ਅਤੇ ਕੀਰਤਨ ਵੀ ਸਿੱਖਦੇ ਹਨ। ਉਹਨਾਂ ਸੁਪਰੀਮ ਸਿੱਖ ਸੁਸਾਇਟੀ ਦੇ ਇਸ ਉਦਮ ਲਈ ਉਹਨਾਂ ਨੂੰ ਵਧਾਈ ਦਿੱਤੀ ਹੈ ਅਤੇ ਧੰਨਵਾਦ ਕੀਤਾ ਹੈ ਕਿ ਉਹਨਾਂ ਲੇਬਰ ਪਾਰਟੀ ਦੀ ਸਿਖਿਆ ਮੰਤਰੀ ਅਤੇ ਹਲਕੇ ਦੇ ਉਮੀਦਵਾਰਾਂ ਨੂੰ ਬੁਲਾ ਕੇ ਮਾਣ ਬਖਸ਼ਿਆ ਹੈ।

# ਨਿਊਜ਼ੀਲੈਂਡ ਦੇ ਵੈਲਿੰਗਟਨ 'ਚ ਹੋਈ ਵੈਟ ਹਾਊਸ ਦੀ ਸ਼ੁਰੂਆਤ

ਆਕਲੈਂਡ- ਕਈ ਲੋਕ ਸ਼ਰਾਬ ਦੀ ਲੱਤ ਨੂੰ ਛੱਡਣ ਲਈ ਬਹੁਤ ਤਰੀਕੇ ਅਪਣਾਉਂਦੇ ਹਨ ਪਰ ਫੇਰ ਵੀ ਉਹ ਸ਼ਰਾਬ ਵੀ ਉਹ ਸ਼ਰਾਬ ਨਹੀਂ ਛੱਡ ਪਾਉਂਦੇ।ਪਰ ਹੁਣ ਸ਼ਰਾਬ ਦੇ ਆਦੀਆਂ ਦੀ ਇਸ ਆਦਤ ਨੂੰ ਛਡਵਾਉਣ ਦੇ ਲਈ ਨਿਊਜ਼ੀਲੈਂਡ 'ਚ ਵੱਡਾ ਉਪਰਾਲਾ ਕੀਤਾ ਗਿਆ ਹੈ। ਦਰਅਸਲ ਵੈਲਿੰਗਟਨ ਵਿੱਚ ਨਿਊਜ਼ੀਲੈਂਡ ਦਾ ਪਹਿਲਾ 'ਵੈੱਟ ਹਾਊਸ' ਖੋਲ੍ਹਿਆ ਗਿਆ ਹੈ।ਜਿੱਥੇ ਸ਼ਰਾਬ ਪੀਂਦੇ ਬੇਘਰੇ ਲੋਕ ਸ਼ਰਾਬ ਪੀਂਦੇ ਹੋਏ ਵੀ ਮਦਦ ਲੈ ਸਕਦੇ ਹਨ।ਇਹ ਮਰਦਾਂ ਨੂੰ ਸ਼ਰਾਬ 'ਤੇ ਨਿਰਭਰਤਾ ਨੂੰ ਘਟਾਉਣ ਦੇ ਉਦੇਸ਼ ਨਾਲ ਇੱਕ ਸੁਰੱਖਿਅਤ ਘਰ, ਭੋਜਨ, ਸਲਾਹ ਅਤੇ ਨਸ਼ਾ ਮੁਕਤੀ ਸੇਵਾਵਾਂ ਪ੍ਰਦਾਨ ਕਰਦਾ ਹੈ।ਇਹ ਸਹੂਲਤ 2009 ਤੋਂ ਯੋਜਨਾਬੰਦੀ ਵਿੱਚ ਹੈ, ਪਰ ਫੰਡਿੰਗ ਦੀਆਂ ਮੁਸ਼ਕਿਲਾਂ ਅਤੇ ਗੁਆਂਢੀਆਂ ਦੇ ਵਿਰੋਧ ਕਾਰਨ ਇਸ ਵਿੱਚ ਕਈ ਰੁਕਾਵਟਾਂ ਆਈਆਂ ਸਨ।$6 ਮਿਲੀਅਨ ਦੀ ਸਹੂਲਤ ਤਰਨਾਕੀ ਸਟ੍ਰੀਟ 'ਤੇ ਨਵੀਨੀਕਰਨ ਕੀਤਾ ਪੁਰਸ਼ਾਂ ਦਾ ਰੈਣ ਬਸੇਰਾ ਹੈ।ਇਸ ਵਿੱਚ 18 ਸੌਣ ਵਾਲੇ ਕਮਰੇ ਹਨ।ਵੈਲਿੰਗਟਨ ਸਿਟੀ ਮਿਸ਼ਨ ਸਿਟੀ ਕਾਉਂਸਿਲ ਦੇ ਫੰਡਾਂ ਨਾਲ ਇਸ ਸਹੂਲਤ ਨੂੰ ਚਲਾਏਗਾ।





## MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz







# ਨਿਊਜ਼ੀਲੈਂਡ ‘ਚ ਆਮ ਚੋਣਾਂ ਲਈ ਵੋਟਿੰਗ ਸ਼ੁਰੂ

ਔਕਲੈਂਡ- ਨਿਊਜ਼ੀਲੈਂਡ ਦੀ 54 ਵੀਂ ਸੰਸਦ ਦੀ ਰਚਨਾ ਕਰਨ ਦੇ ਲਈ ਆਮ ਚੋਣਾਂ ਬੀਤੇ ਸੋਮਵਾਰ ਤੋਂ ਸ਼ੁਰੂ ਹੋ ਚੁੱਕੀਆਂ ਹਨ ਜੋ ਕਿ ਹਰ ਤਿੰਨ ਸਾਲ ਬਾਅਦ ਹੁੰਦੀਆਂ ਹਨ। ਲੋਕਾਂ ਦੀ ਸਹੂਲਤ ਲਈ ਇਹ ਵੋਟਾਂ14 ਅਕਤੂਬਰ ਤੱਕ ਵੱਖ-ਵੱਖ ਪੋਲਿੰਗ ਬੂਥਾਂ ਉੱਤੇ ਦਿੱਤੇ ਸਮੇਂ ਅਨੁਸਾਰ ਪੈਂਦੀਆਂ ਰਹਿਣਗੀਆਂ। 14 ਅਕਤੂਬਰ ਨੂੰ ਸਾਰੇ ਵੋਟਿੰਗ ਬੂਥ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ ਖੁੱਲ੍ਹੇ ਰਹਿਣਗੇ।

ਵੋਟਰ ਕਿਤੇ ਵੀ ਵੋਟ ਪਾ ਸਕਦੇ ਹਨ ਪਰ ਜਿਸ ਹਲਕੇ ਦੀ ਵੋਟ ਹੈ ਉਥੇ ਦੀ ਹੀ ਵੋਟ ਗਿਣੀ ਜਾਵੇਗੀ। ਜੇਕਰ ਆਪਣੇ ਹਲਕੇ ਵਿੱਚ ਵੋਟ ਪਾਉਂਦੇ ਹੋ ਤਾਂ ਸੌਖਾ ਤੇ ਤੇਜੀ ਨਾਲ ਕੰਮ ਹੋਵੇਗਾ। ਜੇਕਰ ਤੁਸੀਂ ਵੋਟ ਪਾਉਣ ਨਹੀਂ ਜਾ ਸਕਦੇ ਤਾਂ ਵੀ ਕਿਸੇ ਦੀ ਮਦਦ ਨਾਲ ਵੋਟਿੰਗ ਪੇਪਰ ਲੈ ਕੇ ਵੋਟ ਪਾ ਸਕਦੇ ਹੋ। ‘ਇਜ਼ੀ ਵੋਟ ਕਾਰਡ’ ਜੇਕਰ ਤੁਹਾਡੇ ਕੋਲ ਹੈ ਤਾਂ ਕੰਮ ਬਹੁਤ ਸੌਖਾ ਹੋਵੇਗਾ ਇਸ ਕਰਕੇ ਨਾਲ ਲੈ ਕੇ ਜਾਓ।

ਜੇਕਰ ਨਹੀਂ ਹੈ ਤਾਂ ਵੀ ਵੋਟ ਪਾਈ ਜਾ ਸਕਦੀ ਹੈ ਅਤੇ ਕਿਸੀ ਪਛਾਣ ਪੱਤਰ ਦੀ ਲੋੜ ਨਹੀਂ। ਸੰਤਰੀ ਰੰਗ ਦੀ ਵਰਦੀ ਪਾਈ ਚੋਣ ਵਿਭਾਗ ਦਾ ਸਟਾਫ ਤੁਹਾਡੀ ਸਹਾਇਤਾ ਕਰੇਗਾ। ਸਟਾਫ ਇਲੈਕਸ਼ਨ ਰੋਲ ਕਰੇਗਾ। ਸਟਾਫ ਇਲੈਕਸ਼ਨ ਰੋਲ ਦੇ ਵਿੱਚ ਤੁਹਾਡਾ ਨਾਂਅ ਲੱਭ ਤੇ ਤੁਹਾਨੂੰ ਵੋਟਿੰਗ ਪੇਪਰ ਦੇਵੇਗਾ। ਪੋਲਿੰਗ ਬੂਥਾਂ ਉਤੇ ਦਿਸ਼ਾ ਨਿਰਦੇਸ਼ ਹੋਣਗੇ ਕਿ ਕਿੱਧਰ ਨੂੰ ਜਾਣਾ ਹੈ। 18 ਸਾਲ ਤੋਂ ਉਪਰ ਹੋ ਅਤੇ ਜੇਕਰ ਅਜੇ ਵੋਟ ਨਹੀਂ ਬਣੀ ਹੈ



ਤਾਂ ਵੀ ਪੋਲਿੰਗ ਬੂਥ ਉੱਤੇ ਵੋਟ ਬਣ ਸਕਦੀ ਹੈ।

ਇਸ ਮੌਕੇ ਇਕ ਇਨਰੋਲਮੈਂਟ ਫਾਰਮ ਅਤੇ ਸਪੈਸ਼ਲ ਹਲਫੀਆ ਬਿਆਨ ਭਰਨਾ ਪਵੇਗਾ। ਤੁਹਾਡੀ ਵੋਟ ਸਪੈਸ਼ਲ ਵੋਟਾਂ ਵਿੱਚ ਗਿਣੀ ਜਾਵੇਗੀ। ਹਰ ਵੋਟਰ ਦੋ ਵੋਟਾਂ ਪਾਉਣ ਦਾ ਹੱਕਦਾਰ ਹੈ। ਇੱਕ ਉਮੀਦਵਾਰ ਨੂੰ ਅਤੇ ਦੂਜੀ ਪਾਰਟੀ ਨੂੰ। ਇਹ ਵੀ ਉਸਦੀ ਮਰਜ਼ੀ ਹੈ ਕਿ ਇਕ ਪਾਉਣੀ ਜਾਂ ਦੋਵੇਂ। ਮਓਰੀ ਹਲਕੇ ਵਿੱਚ ਅਸਮਾਨੀ ਰੰਗ ਦਾ ਵੋਟਰ ਬਕਸਾ ਹੋਵੇਗਾ ਜਦ ਕਿ ਜਨਰਲ ਲਈ ਸੰਤਰੀ ਰੰਗ ਦਾ। ਜੇਕਰ ਵੋਟ ਪਾਉਣ ਵੇਲੇ ਠੀਕ ਲਾਉਣ ਵੇਲੇ ਗਲਤੀ ਹੋ ਗਈ ਜਾਂ ਖਰਾਬ ਹੋ ਗਿਆ ਤਾਂ ਸਟਾਫ ਨੂੰ ਉਹ ਵਾਪਿਸ ਕਰਕੇ ਦੁਬਾਰਾ ਨਵਾਂ ਪੇਪਰ ਲਿਆ ਜਾ ਸਕਦਾ ਹੈ।

13 ਅਕਤੂਬਰ ਨੂੰ ਅੱਧੀ ਰਾਤ ਤੱਕ ਸਾਰੇ ਉਮੀਦਵਾਰਾਂ ਦੇ ਇਸ਼ਤਿਹਾਰੀ ਬੋਰਡ ਲਾਹ ਲਏ ਜਾਣਗੇ। ਸ਼ਾਮ 7ਵਜੇ ਤੋਂ ਬਾਅਦ ਰੁਝਾਣ ਆਉਣੇ ਸ਼ੁਰੂ ਹੋ ਜਾਣਗੇ। 3 ਨਵੰਬਰ ਨੂੰ ਸਰਕਾਰੀ ਤੌਰ ‘ਤੇ ਨਤੀਜੇ ਐਲਾਨ ਦਿੱਤੇ ਜਾਣਗੇ। ਦੇਸ਼ ਦੇ ਵਿੱਚ ਕੁੱਲ 120 ਸੰਸਦ ਮੈਂਬਰ ਚੁਣੇ ਜਾਣੇ ਹਨ। 72 ਮੈਂਬਰ ਵੋਟਾਂ ਦੇ ਫਰਕ ਨਾਲ ਜਿੱਤਣਗੇ ਅਤ 48 ਪਾਰਟੀ ਵੋਟ ਦੀ ਹਿੱਸੇਦਾਰੀ ਮੁਤਾਬਿਕ। 496 ਉਮੀਦਵਾਰ ਮੈਦਾਨ ਦੇ ਵਿੱਚ ਹਨ ਜਿਹਨਾਂ ਵਿੱਚ ਕੁਝ ਭਾਰਤੀ ਵੀ ਸ਼ਾਮਿਲ ਹਨ। 17 ਰਾਜਸੀ ਪਾਰਟੀਆਂ ਵੀ ਹਨ ਜਿਸ ਵਿੱਚ ਇੱਕ ‘ਵੋਮੈਨ ਰਾਈਟਸ ਪਾਰਟੀ’ ਵੀ ਸ਼ਾਮਿਲ ਹੈ।

ਚੋਣਾਂ ਦਾ ਅਹਿਮ ਅਤੇ ਆਖਰੀ ਦਿਨ 14 ਅਕਤੂਬਰ ਹੈ। ਕਿਸੇ ਵੀ ਵੋਟਰ ਨੂੰ ਵੋਟ ਪਾਉਣ ਤੋਂ ਪਹਿਲਾਂ ਐਨਰੋਲਮੈਂਟ ਜਰੂਰੀ ਹੈ। ਜੇਕਰ ਤੁਸੀਂ ਵਿਦੇਸ਼ ਵਿੱਚ ਰਹਿ ਰਹੇ ਹੋ ਤਾਂ ਇਲੈਕਸ਼ਨ ਵਾਲੇ ਦਿਨ ਤੱਕ ਐਨਰੋਲਮੈਂਟ ਕਰਕੇ ਵੋਟ ਪਾ ਸਕਦੇ ਹੋ।


# ਨਿਊਜ਼ੀਲੈਂਡ 'ਚ ਪਿਛਲੇ ਹਫ਼ਤੇ ਕੋਰੋਨਾ ਦੇ 2968 ਨਵੇਂ ਮਾਮਲੇ ਆਏ ਸਾਹਮਣੇ



ਆਕਲੈਂਡ- ਨਿਊਜ਼ੀਲੈਂਡ ਵਿੱਚ ਪਿਛਲੇ ਹਫ਼ਤੇ ਵਿੱਚ ਕੋਵਿਡ -19 ਦੇ 2968 ਨਵੇਂ ਮਾਮਲੇ ਸਾਹਮਣੇ ਆਏ ਹਨ, ਅਤੇ ਵਾਇਰਸ ਕਾਰਨ 14 ਹੋਰ ਮੌਤਾਂ ਹੋਈਆਂ ਹਨ। ਨਵੇਂ ਕੇਸਾਂ ਵਿੱਚੋਂ, 1314 ਮੁੜ ਲਾਗ ਦੇ ਮਾਮਲੇ ਸਨ। ਐਤਵਾਰ 1 ਅਕਤੂਬਰ ਦੀ ਅੱਧੀ ਰਾਤ ਨੂੰ 177 ਮਰੀਜ਼ ਹਸਪਤਾਲ ਵਿੱਚ ਸਨ ਅਤੇ ਸੱਤ ਇੰਟੈਂਸਿਵ ਕੇਅਰ ਵਿੱਚ ਸਨ। ਨਵੇਂ ਕੇਸਾਂ ਦੀ ਸੱਤ ਦਿਨਾਂ ਦੀ ਰੋਲਿੰਗ ਔਸਤ 422 ਸੀ, ਜੋ ਪਿਛਲੇ ਹਫ਼ਤੇ 426 ਤੋਂ ਥੋੜ੍ਹਾ ਘੱਟ ਸੀ। ਪਿਛਲੇ ਹਫ਼ਤੇ, ਟੇ ਵੱਟੂ ਓਰਾ ਨੇ 2998 ਨਵੇਂ ਕੇਸ ਅਤੇ 18 ਹੋਰ ਮੌਤਾਂ ਦਰਜ ਕੀਤੀਆਂ ਸਨ।

ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸ ਹਿਪਕਿਨਜ਼ ਕੋਵਿਡ-19 ਪਾਜ਼ੇਟਿਵ ਪਾਏ ਗਏ ਹਨ। ਫਿਲਹਾਲ ਉਹ ਅਲੱਗ-ਅਲੱਗ ਰਹਿੰਦੇ ਹੋਏ ਕੰਮ ਕਰਨਗੇ। ਉਨ੍ਹਾਂ ਦੇ ਦਫਤਰ ਨੇ ਐਤਵਾਰ ਨੂੰ ਦੱਸਿਆ ਕਿ ਆਮ ਚੋਣਾਂ ਤੋਂ ਸਿਰਫ ਦੋ ਹਫ਼ਤੇ ਪਹਿਲਾਂ ਪ੍ਰਧਾਨ ਮੰਤਰੀ ਦੇ ਕੋਵਿਡ ਪਾਜ਼ੇਟਿਵ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ। ਇਸ ਦੌਰਾਨ ਉਸਦੀ ਲੇਬਰ ਪਾਰਟੀ ਜਿੱਤਣ ਲਈ ਸੰਘਰਸ਼ ਕਰ ਰਹੀ ਹੈ। ਪੀ.ਐੱਮ. ਕ੍ਰਿਸ ਨੇ ਫੇਸਬੁੱਕ ਪੇਜ 'ਤੇ ਇਸ ਸਬੰਧੀ ਜਾਣਕਾਰੀ ਦਿੱਤੀ ਹੈ।

ਇੱਕ ਤਾਜ਼ਾ ਸਰਵੇਖਣ ਮੁਤਾਬਕ ਲੇਬਰ ਓਪੀਨੀਅਨ ਪੋਲ ਵਿੱਚ ਖਿਸਕ ਰਹੀ ਹੈ ਤੇ ਕੇਂਦਰ-ਸੱਜੇ ਨੈਸ਼ਨਲ ਪਾਰਟੀ 31.9% ਤੋਂ 26.5% ਤੱਕ ਅੱਗੇ ਹੈ। ਪ੍ਰਧਾਨ ਮੰਤਰੀ ਦੇ ਦਫ਼ਤਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਹਿਪਕਿਨਜ਼ ਵਿੱਚ ਜ਼ੁਕਾਮ ਅਤੇ ਫਲੂ ਦੇ ਲੱਛਣ ਹਨ ਜੋ ਸ਼ਨੀਵਾਰ ਨੂੰ ਸ਼ੁਰੂ ਹੋਏ ਸਨ। ਹੁਣ ਪੰਜ ਦਿਨਾਂ ਲਈ ਜਾਂ ਜਦੋਂ ਤੱਕ ਉਹਨਾ ਦੀ ਰਿਪੋਰਟ ਨਕਾਰਾਤਮਕ ਨਹੀਂ ਆ ਜਾਂਦੀ, ਉਦੋਂ ਤੱਕ ਅਲੱਗ ਰਹੇਗਾ। ਬਿਆਨ ਵਿੱਚ ਦੱਸਿਆ ਗਿਆ ਕਿ "ਉਹ ਜ਼ੂਮ ਦੁਆਰਾ ਕੀਤੇ ਜਾਣ ਵਾਲੇ ਰੁਝੇਵਿਆਂ ਨੂੰ ਜਾਰੀ ਰੱਖੇਗਾ। ਇੱਕ ਬੁਲਾਰੇ ਨੇ ਕਿਹਾ ਉਪ ਪ੍ਰਧਾਨ ਮੰਤਰੀ ਕਾਰਮੇਲ ਸੇਪੁਲੋਨੀ ਐਤਵਾਰ ਨੂੰ ਆਕਲੈਂਡ ਵਿੱਚ ਇੱਕ ਸਮੋਅਨ ਚਰਚ ਸੇਵਾ ਵਿੱਚ ਹਿਪਕਿਨਜ਼ ਦੀ ਜਗ੍ਹਾ ਸ਼ਾਮਲ ਹੋਣਗੇ। ਹਿਪਕਿਨਜ਼ ਨੇ ਆਪਣੇ ਅਧਿਕਾਰਤ ਫੇਸਬੁੱਕ ਪੇਜ 'ਤੇ ਕਿਹਾ ਕਿ "ਲੇਬਰ ਦੇ ਸਾਰੇ ਮਹਾਨ ਵਲੰਟੀਅਰਾਂ ਅਤੇ ਸਮਰਥਕਾਂ ਦਾ ਧੰਨਵਾਦ, ਜਿਨ੍ਹਾਂ ਨੂੰ ਮੈਂ ਜਾਣਦਾ ਹਾਂ ਕਿ ਉਹ ਮੇਰੀ ਗੈਰਹਾਜ਼ਰੀ ਵਿੱਚ ਸਾਡੀ ਮੁਹਿੰਮ ਜਾਰੀ ਰੱਖਣਗੇ।" "ਇਹਨਾਂ ਚੋਣਾਂ ਵਿੱਚ ਬਹੁਤ ਕੁਝ ਦਾਅ 'ਤੇ ਹੈ ਅਤੇ ਮੈਂ ਦੁੱਗਣੀ ਮਿਹਨਤ ਕਰਾਂਗਾ।" ਪ੍ਰਧਾਨ ਮੰਤਰੀ ਦੇ ਦਫਤਰ ਨੇ ਕਿਹਾ ਕਿ ਉਸਦੇ ਕਾਰਜਕ੍ਰਮ 'ਤੇ ਹੋਰ ਅਪਡੇਟਸ "ਨਿਯਤ ਸਮੇਂ ਵਿੱਚ ਪ੍ਰਦਾਨ ਕੀਤੇ ਜਾਣਗੇ"। ਸਰਕਾਰ ਨੇ ਅਗਸਤ ਵਿੱਚ ਆਪਣੀਆਂ ਆਖਰੀ ਕੋਵਿਡ ਪਾਬੰਦੀਆਂ ਨੂੰ ਹਟਾ ਦਿੱਤਾ ਸੀ ਪਰ ਸਿਹਤ ਅਧਿਕਾਰੀ ਅਜੇ ਵੀ ਲੋਕਾਂ ਨੂੰ ਪੰਜ ਦਿਨਾਂ ਲਈ ਘਰ ਰਹਿਣ ਦੀ ਸਲਾਹ ਦਿੰਦੇ ਹਨ ਜੇ ਉਹ ਬਿਮਾਰ ਮਹਿਸੂਸ ਕਰਦੇ ਹਨ ਜਾਂ ਜੇ ਉਨ੍ਹਾਂ ਨੇ ਸਕਾਰਾਤਮਕ ਟੈਸਟ ਕੀਤਾ ਹੈ।









Mehak E wattan
Monthly Newspaper
•Issue-5 • October 2023
•mehakewattan@gmail.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

## ਜੀਵਨ ਇਤਿਹਾਸ

# ਅਕਾਲੀ ਫੂਲਾ ਸਿੰਘ

**ਲੇਖਕ: ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**

---------------------------

**(ਪਿਛਲੇ ਅੰਕ ਤੋਂ ਅੱਗੇ)**

### ਮਾਈ ਦਾ ਵਿਛੋੜਾ ਤੇ ਅੰਤਮ ਸਿੱਖਿਆ[1]

ਫੂਲਾ ਸਿੰਘ ਦੀ ਮਾਈ ਗੁਰਦਿਆਲ ਕੌਰ ਆਪਣੇ ਨੌ ਨਿਹਾਲ ਨੂੰ ਇਸ ਤਰ੍ਹਾਂ ਵੱਧਦਾ ਫੁੱਲਦਾ ਤੇ ਮੌਲਦਾ ਦੇਖਕੇ ਆਪਣੇ ਮਨ ਹੀ ਮਨ ਵਿੱਚ ਗਦਗਦ ਹੁੰਦੀ ਰਹਿੰਦੀ ਸੀ, ਪਰ ਸ਼ੋਕ! ਕਿ ਇਹ ਸਮਾਂ ਕੋਈ ਬਹੁਤ ਲੰਮਾ ਨਾ ਰਿਹਾ ਕਿ ਇਹ ਧਰਮੀ ਮਾਂ ਆਪਣੇ ਅੱਖਾਂ ਦੇ ਚਾਨਣ ਨੂੰ ਪੰਥ ਦੇ ਸਿਰ ਵਿਕਿਆ ਵੇਖਦੀ, ਜਿਸ ਲਈ ਜਿਸ ਗੁਰਮੁਖ ਮਾਤਾ ਨੇ ਆਪਣੇ ਰੰਡੇਪੇ ਦਾ ਸਭ ਕੁਝ ਵਾਰ ਕੇ ਆਪਣੇ ਦੁਲਾਰੇ ਨੂੰ ਪਾਲਿਆ ਸੀ। ਮਾਈ ਦੀ ਅਵਸਥਾ ਵਡੇਰੀ ਹੋ ਜਾਣ ਕਰਕੇ ਅੱਚਨਚੇਤ ਹੀ ਇੱਕ ਦਿਨ ਉਹ ਪੌੜੀ ਤੋਂ ਐਸੀ ਡਿੱਗੀ ਕਿ ਡਿੱਗਦੇ ਸਾਰ ਹੀ ਬੇਹਾਲ ਹੋ ਗਈ ਤੇ ਜਦ ਮਾਈ ਨੇ ਆਪਣਾ ਅੰਤ ਨੇੜੇ ਦੇਖਿਆ ਤਾਂ ਆਪਣੇ ਨੌਜਵਾਨ ਪੁੱਤਰ ਨੂੰ ਸਾਹਮਣੇ ਬੁਲਾਇਆ ਤੇ ਇੱਕ ਛੋਟੀ, ਪਰ ਗੁਣਾਂ-ਪੂਰਤ ਸਿੱਖਿਆ ਦਿੱਤੀ, ਜਿਸ ਪਰ ਉਹ ਅੰਤਲੇ ਸੁਵਾਸਾਂ ਤੱਕ ਤਤਪਰ ਰਿਹਾ[2]।



ਮਾਂ ਨੇ ਫੂਲਾ ਸਿੰਘ ਦਾ ਹੱਥ ਚੁੰਮ ਕੇ ਆਖਿਆ," ਮੇਰੇ ਲਾਲ! ਮੈਂ ਉਸ ਲੰਮੜੇ ਦੇਸ ਦੀ ਧਾਈ ਕਰਨ ਲਈ ਤਿਆਰ ਹੋਈ ਹਾਂ, ਜਿੱਥੇ ਜਾ ਕੇ ਕੋਈ ਵੀ ਨਹੀਂ ਪਰਤਿਆ ਤੇ ਜਿੱਥੇ ਸਭ ਨੇ ਇੱਕ ਦਿਨ ਜਾਣਾ ਹੈ। ਬੀਰ ਪ੍ਰਤੂ! ਤੂੰ ਇਸ ਸੰਸਾਰ ਦੀ ਯਾਤ੍ਰਾ ਸੰਪੂਰਨ ਕਰਨੀ ਹੈ, ਮੈਂ ਦੇਖਦੀ ਹਾਂ ਅਕੱਲਾ ਹੈਂ ਤੇ ਅਜੇ ਤੂੰ ਇਸ ਜਗਤ ਦੇ ਗੋਰਖਧੰਦੇ ਤੋਂ ਅਜਾਣ ਹੈਂ। ਇਸ ਕੱਜਲ ਦੀ ਕੋਠਰੀ ਵਿੱਚੋਂ ਕੋਈ ਵਿਰਲਾ ਹੀ ਅਲੋਪ ਤੇ ਬਿਦਾਗ ਰਿਹਾ ਹੈ, ਤੇ ਉਹ ਹੀ ਬਚਿਆ ਹੈ, ਜਿਸਨੇ ਖਿਨ-ਖਿਨ ਸਤਿਗੁਰੂ ਦੀ ਚਰਨ ਸਰਨ ਵਿੱਚ ਆਪਣੇ ਮਨ ਨੂੰ ਪ੍ਰੇਮ-ਡੋਰੀ ਨਾਲ ਜੋੜਿਆ ਹੈ। ਪੁੱਤ੍ਰ! ਮੈਂ ਇਹ ਵੀ ਨਿਸਚੇ ਜਾਣਦੀ ਹਾਂ ਕਿ ਮੇਰੀਆਂ ਅੰਤਲੀਆਂ ਮੱਤਾਂ ਤੈਨੂੰ ਸਦਾ ਸੱਚੇ ਸਾਥੀ ਦਾ ਕੰਮ ਦੇਣਗੀਆਂ। ਬੱਚਾ! ਮੈਂ ਤੈਨੂੰ ਪੰਥ ਸੇਵਾ ਲਈ ਸਭ ਤਰ੍ਹਾਂ ਯੋਗ ਬਣਾਨ ਦਾ ਯਤਨ ਕੀਤਾ ਹੈ ਅਤੇ ਗੁਰੂ ਦੀ ਮਿਹਰ ਨਾਲ ਤੂੰ ਸਭ ਤਰ੍ਹਾਂ ਇਸ ਕੰਮ ਦੇ ਯੋਗ ਵੀ ਹੋ ਗਿਆ ਹੈਂ। ਪੁੱਤ੍ਰ! ਦੇਸ਼ ਵਿਚ ਜ਼ੁਲਮ ਅਤਿਆਚਾਰ ਦੀਆਂ ਬਿਜਲੀਆਂ ਸਭ ਪਾਸਿਆਂ ਤੋਂ ਦੀਨਾਂ ਦੇ ਸਿਰ ਗਿਰ ਰਹੀਆਂ ਹਨ। ਬੱਚਿਆ! ਏਹ ਧਰਮ ਤੇਰਾ ਹੋਵੇਗਾ ਕਿ ਦੀਨ ਹੀਨ ਅਨਾਥਾਂ ਨੂੰ ਇਹਨਾ ਕਸ਼ਟਾਂ ਤੋਂ ਛੁਡਾਉਣ ਲਈ ਸਿਰ 'ਤੇ ਖੇਡਕੇ ਸਿੱਖੀ ਧਰਮ ਨਬਾਹੀਂ। ਇਸ ਸਮੇਂ ਦੇ ਹੱਥੋਂ ਧਰਮ ਕੁਚਲਿਆ ਜਾ ਰਿਹਾ ਹੈ। ਜੇ ਧਰਮ ਦੀ ਪਾਵਨ ਜੋਤ ਨੂੰ ਇਸ ਧਰਮ ਦੀ ਹਨੇਰੀ ਤੋਂ ਬਚਾਵਣ ਵਿੱਚ ਸਰਬੰਸ ਤੱਕ ਵੀ ਲੱਗ ਜਾਵੇ ਤਾਂ ਆਪਣੇ ਚੰਗੇ ਭਾਗ ਜਾਣੀ ਤੇ ਪਿੱਛੇ ਨਾ ਹਟੀਂ। ਸਨਮੁਖ ਹੋਕੇ ਰਣ ਵਿਖੇ ਮਰਨਾ ਸੂਰਮਿਆਂ ਦਾ ਧਰਮ ਹੈ, ਪਿੱਛੇ ਪੈਰ ਪਾਣਾ ਕਾਇਰਤਾ ਹੈ। ਤੂੰ ਆਪਣੇ ਬਲੀ ਪਿਤਾ ਦਾ ਪੁਤ੍ਰ ਹੈਂ! ਤੇ ਮਹਾਨ ਤੇਜਸਵੀ ਯੋਧੇ ਤੇਗ਼ ਧਾਰੀ ਗੁਰੂ ਦਾ ਸਿੱਖ ਹੈਂ, ਉਹਨਾ ਦੇ ਹੀ ਪਾਏ ਪੂਰਨਿਆਂ ਪਰ ਤੁਰਨ ਲਈ ਤੱਤਪਰ ਰਹੀਂ ਤੇ ਆਪਣੀ ਸੰਗਤ ਦੇ ਅਪਾਰ ਗੂੜ੍ਹੇ ਰੰਗ ਨਾਲ ਐਸੇ ਹੋਰ ਬਲੀ ਬੀਰ ਤੇ ਉਮੰਗੀ ਜੋਧੇ ਪੈਦਾ ਕਰੀਂ, ਜੋ ਧਰਮ, ਦੇਸ਼ ਤੇ ਦੀਨਾਂ ਦੀ ਰਾਖੀ ਵਿੱਚ ਆਪਣਾ ਆਪ ਲਾ ਦੇਣਾ ਸਾਧਾਰਨ ਜਿਹੀ ਖੇਡ ਸਮਝਣ। ਤੂੰ ਸਚਿਆਈ ਨਾਲ ਸਦੀਵ ਪਿਆਰ ਕਰੀਂ, ਸਤਿਗੁਰੂ ਦੀ ਬਾਣੀ ਚਿਤ ਧਰੀਂ, ਆਪ ਜਪੀਂ ਤੇ ਹੋਰਨਾਂ ਨੂੰ ਜਪਾਵੀਂ। ਪੁੱਤ੍ਰ! ਪੰਥ ਨੂੰ ਇਸ ਸਮੇਂ ਤੇਰੀ ਲੋੜ ਹੈਂ, ਤੈਨੂੰ ਪੰਥ ਲਈ ਜੀਣਾ ਤੇ ਪੰਥ ਲਈ ਮਰਨਾ ਹੋਵੇਗਾ। ਧਰਮ ਦੇ ਵਾਧੇ ਤੇ ਪੰਥ ਲਈ ਮਰਨਾ ਹੋਵੇਗਾ। ਧਰਮ ਦੇ ਵਾਧੇ ਤੇ ਪੰਥ ਦੀ ਸੇਵਾ ਵਿਖੇ ਹੀ ਆਪਣਾ ਕਲਿਆਣ ਸਮਝੀਂ। ਤੇਰਾ ਪਿਤਾ ਆਪਣਾ ਪਿਆਰਾ ਮੁਖੜਾ ਸਦਾ ਲਈ ਮੈਥੋਂ ਲੁਕਾ ਗਿਆ, ਹੁਣ ਮੈਂ ਤੈਨੂੰ ਜਗਤ ਵਿੱਚ ਮਨੁੱਖੀ ਖੇਡਾਂ ਖੇਡਦਾ ਛੱਡ ਕੇ ਚੱਲੀ ਹਾਂ, ਬੱਚਾ। ਮੋਹ ਕਰਕੇ ਵਹਿਣਾ ਵਿਚ ਪੈਣਾ ਤੱਤਵੇਤਿਆਂ ਦਾ ਕੰਮ ਨਹੀਂ। ਜਗਤ ਵਿਚ ਮੋਹ ਦਾ ਚਿੱਕੜ ਪਸਰਿਆ ਹੈ, ਪਰ ਦਾਨੇ ਪੁਰਖ ਇਸ ਖੁੱਭਣ ਵਿਚ ਪੈਰ ਨਹੀ ਫਸਾਂਦੇ ਤੇ ਨਾ ਇਸ ਤਿਲਕਣਬਾਜ਼ੀ ਵਿਚ ਗਾਫ਼ਲ ਹੋਕੇ ਮਾਨਸਿਕ ਭੰਡਾਰੇ ਦੇ ਰਤਨਾਂ ਦਾ ਡੱਬਾ ਲੁਟਾਉਂਦੇ ਹਨ। ਪੁੱਤ੍ਰ! ਜਿਨ੍ਹਾਂ ਨੇ ਮਨ ਨੂੰ ਗੁਰੂ ਚਰਨਾਂ ਨਾਲ ਜੋੜਿਆ ਹੈ ਉਹ 'ਮੋਹ ਮਾਇਆ ਕੇ ਸੰਜਿਨ ਲੇਪ' ਦੇ ਆਸਰੇ ਜੀਵਨ ਨਿਬਾਹ ਕਰਦੇ ਹਨ। ਤੂੰ ਸਿੱਖ ਹੈਂ, ਹੋਰ ਵਧੀਕ ਕੀ ਦੱਸਾ? ਬੱਸ 'ਸਿੱਖੀ ਜੀਵਨ' ਬਤੀਤ ਕਰੀਂ, ਤਾਂਕਿ ਮੇਰੀ ਕੁੱਖ ਨੂੰ ਦਾਗ਼ ਨਾ ਲੱਗੇ। ਪੁੱਤਰ ! ਤੂੰ ਹੁਣ ਗੁਰੂ ਦੇ ਹਵਾਲੇ।" ਧਰਮੀ ਮਾਂ ਇਤਨਾ ਕੀਹਕੇ ਸਦਾ ਲਈ ਸੁੱਖ ਦੀ ਨੀਂਦੇ ਘੂਕ ਸੌਂ ਗਈ।

ਫੂਲਾ ਸਿੰਘ ਨੇ ਆਪਣੀ ਮਾਤਾ ਦੇ ਗੁਰਮਤ ਸੰਸਕਾਰ ਤੋਂ ਵਿਹਲੇ ਹੁੰਦਿਆਂ ਹੀ ਸਭ ਤੋਂ ਪਹਿਲਾ ਕੰਮ ਜੋ ਕੀਤਾ ਉਹ ਇਹ ਸੀ ਕਿ ਬਾਬੇ ਨਰੈਣ ਸਿੰਘ ਦੇ ਡੇਰੇ ਆਕੇ ਅਕਾਲੀ ਸ਼ਸਤ੍ਰ ਬਸਤ੍ਰ ਪਹਿਨ ਲਏ ਤੇ ਸ਼ਹੀਦਾ ਦੀ ਮਿਸਲ ਵਿਖੇ ਰਲ ਗਿਆ। ਫਿਰ ਆਪਣੀ ਭੋਂ ਤੇ ਘਰ ਬਾਰ, ਇਸ ਸੰਪ੍ਰਦਾ ਦੇ ਪਾਵਨ ਅਸੂਲ ਅਨੁਸਾਰ ਕਿ ਸੰਸਾਰਕ ਧਨ, ਮਾਲ ਤੇ ਜ਼ਮੀਨਾਂ ਆਦਿ ਮਨੁੱਖ ਮਾਤ੍ਰ ਦੀਆਂ ਸਾਂਝੀਆਂ ਹਨ ਤੇ ਇਹ ਕਿਸੇ ਦਾ ਹੱਕ ਨਹੀਂ ਕਿ ਬਲਵਾਨ ਹੀਨ ਤੋਂ ਕੋਈ ਵਸਤੂ ਜ਼ੋਰ ਨਾਲ ਖੋਹ ਸਕੇ, ਪਿੰਡ ਵਿੱਚ ਲੁਟਾ ਦਿੱਤਾ ਤੇ ਆਪ ਪੰਥਕ ਜੀਵਨ ਬਿਤਾਣਾ ਅਰੰਭ ਕਰ ਦਿੱਤਾ।

### ਪੰਥਕ ਜੀਵਨ ਦਾ ਆਰੰਭ

ਕੁਝ ਦਿਨ ਮਗਰੋਂ ਫੂਲਾ ਸਿੰਘ ਅਕਾਲੀ ਨਰੈਣ ਸਿੰਘ ਦੇ ਜੱਥੇ ਨਾਲ ਸ੍ਰੀ ਅਨੰਦਪੁਰ ਵਿਖੇ ਆ ਰਹੇ। ਇੱਥੇ ਆਪ ਦੇ ਜੀਵਨ ਦਾ ਸਾਰਾ ਬਹੁਤ ਸਮਾਂ ਗੁਰਦੁਆਰਿਆਂ ਦੀ ਸੇਵਾ ਵਿੱਚ ਬੀਤਿਆ। ਇਸ ਸਮੇਂ ਅੰਦਰ ਫੂਲਾ ਸਿੰਘ ਨੂੰ ਕਈ ਕੁ ਸੰਗਰਾਮਾਂ ਵਿੱਚ ਸ਼ਾਮਲ ਹੋਣ ਦਾ ਸਮਾਂ ਲੱਝਦਾ ਰਿਹਾ, ਜਿਸ ਕਰਕੇ ਹੁਣ ਲੜਾਈਆਂ ਦੇ ਰੰਗ ਢੰਗ ਤੇ ਹੱਲਿਆਂ ਦੀ ਰੋਕਥਾਮ ਅਤੇ ਵੈਰੀਆਂ 'ਤੇ ਧਾਵੇ ਆਦਿ ਕਰਨ ਦਾ ਪੂਰਾ-ਪੂਰਾ ਅਭਿਆਸ ਹੋ ਗਿਆ। ਜਿਉਂ-ਜਿਉਂ ਉਸ ਦਾ ਸ਼ੁੱਧ ਆਚਰਨ ਤੇ ਧਾਰਿਮਕ ਜੋਸ਼ ਉੱਚ ਤੋਂ ਵੱਧਦਾ ਗਿਆ ਤਿਉਂ-ਤਿਉਂ ਉਸ ਦਾ ਮਾਨ ਤੇ ਰੁਤਬਾ ਸਾਰੇ ਜੱਥੇ ਵਿਚ ਮਨੀਂਣ ਲੱਗਾ, ਇੱਥੋਂ ਤੀਕ ਕਿ ਬਾਬਾ ਨਰੈਣ ਸਿੰਘ ਦੇ ਜੱਥੇ ਵਿਚ ਬਾਬਾ ਜੀ ਦੇ ਬਾਅਦ ਫੂਲਾ ਸਿੰਘ ਜੀ ਹੀ ਜੱਥੇਦਾਰ ਥਾਪੇ ਗਏ।[3]

### ਬਾਬਾ ਫੂਲਾ ਸਿੰਘ ਦਾ ਸ੍ਰੀ ਅੰਮ੍ਰਿਤਸਰ ਜੀ ਆਉਣਾ

ਅਕਾਲੀ ਫੂਲਾ ਸਿੰਘ ਆਪਣੇ ਜੱਥੇ ਸਮੇਤ ਸੰਮਤ 1857 ਬਿ: (1800 ਈ:) ਨੂੰ ਸ੍ਰੀ ਅੰਮ੍ਰਿਤਸਰ ਜੀ ਆ ਗਏ। ਇੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰਨਾਂ ਗੁਰਦਵਾਰਿਆਂ ਦੇ ਸੇਵਕਾਂ ਦੇ ਅੰਦਰ ਬੁਰਛਾ ਗਰਦੀ ਦੇ ਕਾਰਨ ਜੋ ਜੋ ਗੁਰ ਆਸ਼ੇ ਦੇ ਵਿੱਰੁਧ ਕੁਰੀਤੀਆਂ ਪ੍ਰਚਲਤ ਹੋ ਗਈਆ ਸਨ, ਉਨ੍ਹਾਂ ਦਾ ਮੁੜ ਨਵੇਂ ਸਿਰੋਂ ਸੁਧਾਰ ਕੀਤਾ ਤੇ ਆਪਣੀ ਨਜ਼ਰ ਹੇਠ ਸਾਰਾ ਪ੍ਰਬੰਧ ਰੱਖਿਆ। ਸ੍ਰੀ ਅੰਮ੍ਰਿਤ ਸਰੋਵਰ ਦੀ ਸੇਵਾ ਸੰਗਤਾਂ ਤੇ ਆਪਣੇ ਜੱਥੇ ਤੋਂ ਇਸੇ ਹੀ ਸਾਲ ਕਰਵਾਈ।

### ਮਹਾਰਾਜਾ ਰਣਜੀਤ ਸਿੰਘ ਦਾ ਸ੍ਰੀ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਨਾਲ ਮਿਲਾਉਣਾ

ਪੋਹ ਸੰ: 1858 ਬਿ: ਮੁਤਾਬਕ 1801 ਈ: ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਅੰਮ੍ਰਿਤਸਰ ਨੂੰ ਖਾਲਸਾ ਰਾਜ ਨਾਲ ਮਿਲਾਉਣ ਲਈ ਚੜ੍ਹਾਈ ਕੀਤੀ ਤੇ ਭੰਗੀਆਂ ਦੀ ਮਿਸਲ ਦੇ ਸਰਦਾਰ ਜੋ ਮਹਾਰਾਜਾ ਦੇ ਪਿਤਾ ਮਹਾਂ ਸਿੰਘ ਦੇ ਸਮੇਂ ਤੋਂ ਆਪ ਦੇ ਵਿਰੁੱਧ ਸਨ ਅਤੇ ਅੱਜ ਤੱਕ ਇਸ ਦੇ ਅਨੁਸਾਰੀ ਨਹੀਂ ਹੋਏ ਸਨ, ਉਨ੍ਹਾਂ ਦਾ ਕਬਜ਼ਾ ਸਦਾ ਗੁਰਾਂ ਦੀ ਨਗਰੀ ਤੋ ਉੱਠਾ ਦਿੱਤਾ। ਲੜਾਈ ਦੇ ਆਰੰਭ ਹੁੰਦਿਆ ਹੀ ਅਕਾਲੀ ਫੂਲਾ ਸਿੰਘ ਦੋਨੋਂ ਸਿੱਖ ਫ਼ੌਜਾਂ ਦੇ ਵਿੱਚ ਹੋ ਖਲੋਤਾ ਤੇ ਦੋਹਾਂ ਦੇ ਧਿਰਾਂ ਦੇ ਸਰਦਾਰਾਂ ਨੂੰ ਘਰ ਵਿਚ ਲੜਨ ਤੋਂ ਮਨ੍ਹਾਂ ਕੀਤਾ।

ਮਹਾਰਾਜਾ ਸਾਹਿਬ ਅਕਾਲੀ ਜੀ ਦੀ ਸਾਫ਼ਗੋਈ ਤੇ ਕੌਮੀ ਦਰਦ ਨੂੰ ਦੇਖ ਕੇ ਬਹੁਤ ਪ੍ਰਸੰਨ ਹੋਏ ਤੇ ਉਸੀ ਵਕਤ ਘੇਰਾ ਉਠਾ ਦਿੱਤਾ। ਉੱਧਰ ਭੰਗੀ ਸਰਦਾਰ ਆਪਣੇ ਆਪ ਕਿਲ੍ਹੇ ਤੋਂ ਨਿਕਲ ਆਏ। ਮਹਾਰਾਜੇ ਦੀ ਈਨ ਮੰਨ ਕੇ ਸੁਲ੍ਹਾ ਕਰ ਲੀਤੀ ਤੇ ਬਹੁਤ ਸਾਰੀ ਜਾਗੀਰ ਬਖ਼ਸ਼ੀ ਤੇ ਬਹੁਤ ਕ੍ਰਿਪਾਲਤਾ ਨਾਲ ਪੇਸ਼ ਆਏ।

ਮਹਾਰਾਜਾ ਸਾਹਿਬ ਨੇ ਇਸ ਸਮੇਂ ਦਰਬਾਰ ਸਾਹਿਬ ਦੇ ਟਹਿਲੇ ਲਈ ਬਹੁਤ ਸਾਰੀ ਮਾਇਆ ਅਰਦਾਸ ਕਰਵਾਈ ਤੇ ਹੋਰਨਾਂ ਗੁਰਦਵਾਰਿਆਂ ਦੀ ਭੀ ਯਥਾ ਯੋਗ ਸੇਵਾ ਕੀਤੀ, ਅਰ ਅਕਾਲੀ ਜੱਥੇ ਦੇ ਲੰਗਰ ਲਈ ਵੀ ਜਾਗੀਰ ਲੁਵਾ ਦਿੱਤੀ।

(ਚਲਦਾ)

---

1. ਮਾਈ ਦਾ ਨਾਮ ਕੁੱਝ ਥਾਂ ਗੁਰਦਿਆਲ ਕੌਰ ਅਤੇ ਕੁੱਝ ਥਾਂ ਹਰ ਕੌਰ ਲਿਖਿਆ ਮਿਲਦਾ ਹੈ। (ਸੰਪਾਦਕ)
2. ਅਕਾਲੀ ਫੂਲਾ ਸਿੰਘ ਪਰਿਵਾਰ ਪੰਥ ਦਾ ਬਹੁਤ ਵੱਡਾ ਸੇਵਕ ਹੋਇਆ ਹੈ। ਫੂਲਾ ਸਿੰਘ ਦਾਦਾ ਸ. ਦੇਵਾ ਸਿੰਘ ਬੰਦਾ ਸਿੰਘ ਬਹਾਦਰ ਨਾਲ ਮਿਲ ਕੇ ਜੰਗ ਕਰਦੇ ਰਹੇ ਹਨ। ਪਿਤਾ ਈਸ਼ਰ ਸਿੰਘ ਮਿਸਲ ਸ਼ਹੀਦਾਂ ਦੇ ਸੂਰਮੇ ਰਹੇ ਹਨ, ਉਨ੍ਹਾਂ ਨੇ ਵੱਡੇ ਘੱਲੂਘਾਰੇ ਵਿੱਚ 1762 ਵਿੱਚ ਅਹਿਮਦ ਸ਼ਾਹ ਅਬਦਾਲੀ ਨਾਲ ਜੰਗਾਂ ਕੀਤੀਆਂ ਹਨ। (ਸੰਪਾਦਕ)
3. ਮਿਸਲ ਸ਼ਹੀਦਾਂ ਦੇ ਕਬਜੇ ਹੇਠ ਉਸ ਵੇਲੇ ਸਹਜ਼ਾਦ ਪੁਰ, ਕੇਸਰੀ, ਮਾਜਰੀ ਆਦਿ ਇਲਾਕੇ ਸਨ ਤੇ ਮਿਸਲਦਾਰ ਕਰਮ ਸਿੰਘ ਸੀ। (ਸੰਪਾਦਕ)

**ਪੇਸ਼ਕਸ਼:**
**ਹਰਦੇਵ ਬਰਾੜ**
**ਮੁੱਖ ਸੰਪਾਦਕ**



# ਤੂਫਾਨ ਦੌਰਾਨ ਉਤਰਿਆ ਗਿਆ ਦੁਨੀਆ ਦਾ ਸਭ ਤੋਂ ਵੱਡਾ ਯਾਤਰੀ ਜਹਾਜ਼



ਆਕਲੈਂਡ- ਤੇਜ਼ ਹਵਾਵਾਂ ਕਾਰਨ ਸੋਮਵਾਰ ਨੂੰ ਕ੍ਰਾਈਸਟਚਰਚ ਦੇ ਅੰਦਰ ਅਤੇ ਬਾਹਰ ਦਰਜਨਾਂ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ - ਪਰ ਇਸ ਨਾਲ ਦੁਨੀਆ ਦੇ ਸਭ ਤੋਂ ਵੱਡੇ ਯਾਤਰੀ ਜਹਾਜ਼ ਨੂੰ ਉਤਰਨ ਦੀ ਕੋਸ਼ਿਸ਼ ਕਰਨ ਤੋਂ ਨਹੀਂ ਰੋਕਿਆ ਗਿਆ।ਐਮੀਰੇਟਸ ਕੋਲ ਕ੍ਰਾਈਸਟਚਰਚ ਵਿੱਚ ਰੋਜ਼ਾਨਾ A380 ਸੇਵਾ ਹੈ, ਜੋ ਕਿ 484 ਯਾਤਰੀਆਂ ਨੂੰ ਲਿਜਾ ਸਕਦੀ ਹੈ।

ਮੌਸਮ ਦੀ ਖਰਾਬੀ ਕਾਰਨ ਦੇਸ਼ ਭਰ 'ਚ 80 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ।ਕ੍ਰਾਈਸਟਚਰਚ ਵਿੱਚ, ਕੁਝ ਉਡਾਣਾਂ ਜੋ ਚੱਲ ਰਹੀਆਂ ਸਨ, ਨੇ ਰਨਵੇ 29 ਦੀ ਵਰਤੋਂ ਕੀਤੀ - ਜੋ ਕਿ ਮੁੱਖ ਰਨਵੇ ਨਾਲੋਂ ਛੋਟਾ ਹੈ, ਪਰ ਹਵਾ ਦੀ ਦਿਸ਼ਾ ਲਈ ਬਿਹਤਰ ਅਨੁਕੂਲ ਹੈ।

ਹਾਲਾਂਕਿ, ਉਹ ਰਨਵੇ A380 ਲਈ ਕਾਫ਼ੀ ਲੰਬਾ ਨਹੀਂ ਹੈ, ਮਤਲਬ ਕਿ ਸੁਪਰ-ਜੰਬੋ ਨੂੰ ਤੇਜ਼ ਹਵਾ ਦਾ ਮੁਕਾਬਲਾ ਕਰਨ ਲਈ ਉਤਰਨਾ ਪਿਆ।










# Harcourts Topline

Licensed Agent REAA 2008

## Your home is One of your most valuable *asset*

**We are a complete One stop shop for all your Real Estate needs**

**We offer the following services:**

- Residential Sales
- Rental Property Management (REINZ Accredited PM Company)
- Business Sales
- Commercial Sales
- Commercial Leasing

*Call The Topline TEAM*

*for any of your Real Estate needs & more*

ਘਰ ਖਰੀਦਣ ਅਤੇ ਵੇਚਣ ਲਈ
ਸੰਪਰਕ ਕਰੋ।



**Hardev Brar**

M: 027 442 7338

E: Hardev.brar@harcourts.co.nz



**Mehul Mody**

M: 021 990 080

E: mehul.mody@harcourts.co.nz

# M 027442 7338 P 09 620 6222

hardev.brar@harcourts.co.nz www.toplinerealty.co.nz , 206 Stoddard Road, Mt Roskill,Auckland

# ਜੰਕ ਫ਼ੂਡਸ

ਇਸ ਸੰਸਾਰ ਵਿੱਚ ਮਨੁੱਖ ਤੇ ਹਰ ਜੀਵ ਜੰਤੂ ਨੂੰ ਆਪਣੀ ਭੁੱਖ ਮਿਟਾਉਣ ਲਈ ਭੋਜਨ ਦੀ ਲੋੜ ਹੁੰਦੀ ਹੈ।ਇਸੇ ਖ਼ੁਰਾਕ ਉਤੇ ਸ਼ਰੀਰਕ ਤੇ ਮਾਨਸਿਕ ਵਾਧਾ ਤੇ ਵਿਕਾਸ ਨਿਰਭਰ ਹੁੰਦੇ ਹਨ।ਪ੍ਰਭੂ ਪ੍ਰਮਾਤਮਾ ਨੇ ਹਰ ਪ੍ਰਾਣੀ ਲਈ, ਉਸਦੇ ਜੀਵਨ ਭਰ ਲਈ ਭੋਜਨ ਦੀ ਇੱਕ ਨਿਰਧਾਰਿਤ ਮਿਕਦਾਰ ਚੁਣੀ ਹੁੰਦੀ ਹੈ।ਇਸ ਲਈ ਉਸਨੂੰ ਆਪਣੇ ਜੀਵਨ ਵਿੱਚ ਓਹੀ ਮਾਤਰਾ ਇਸਤੇਮਾਲ ਕਰਨੀ ਹੁੰਦੀ ਹੈ।ਸਾਡੇ,ਮਨੁੱਖੀ ਜੀਵਾਂ ਕੋਲ ਬੁੱਧੀ ਤੇ ਵਿਵੇਕ, ਬਾਕੀ ਜੀਵਾਂ ਨਾਲੋਂ ਅਨਿਖੜ੍ਹਵੀਂ ਤੇ ਵੱਡਮੁਲੀ ਦਾਤ ਪ੍ਰਭੂ ਵਲੋਂ ਮਿਲੀ ਹੋਈ ਹੈ।ਜਦੋਂ ਮਨੁੱਖ ਭੋਜਨ ਪਦਾਰਥਾਂ ਦੀ,ਇਸ ਦਿੱਤੀ ਮਿਕਦਾਰ ਤੋਂ ਹਟਕੇ ਸਿਰਫ ਸਵਾਦਾਂ ਵੱਸ ਪੈ ਕਿ ਫਾਲਤੂ ਵਸਤੂਆਂ ਨੂੰ ਭੋਜਨ ਸ਼੍ਰੇਣੀ ਵਿੱਚ ਰੋਜਮਰਾ ਦਾ ਹਿੱਸਾ ਬਣਾ ਲੈਂਦਾ ਹੈ, ਤਾਂ ਉਹ ਕੁਦਰਤ ਦੇ ਬਣਾਏ ਨਿਯਮਾਂ ਦੀ ਉਲੰਘਣਾ ਕਰਨ ਲੱਗ ਜਾਂਦਾ ਹੈ।ਇਹੀ ਉਲੰਘਣਾ ਵਕਤੀ ਤੌਰ ਤੇ ਤਾਂ ਬੇਅੰਤ ਆਨੰਦ ਦਿੰਦੀ ਹੈ, ਪਰ ਰੋਜਾਨਾ ਦਾ ਇਸਤੇਮਾਲ ਸ਼ਰੀਰ ਤੇ ਮਨ ਨੂੰ ਰੋਗੀ ਬਣਾਉਣ ਲੱਗਿਆਂ ਕ਼ੋਈ ਉਮਰ ਜਾਂ ਸਮਾਂ ਨਹੀਂ ਦੇਖਦਾ. ਕੁਝ ਆਲਮਤਾਂ ਤਾਂ ਲਾਇਲਾਜ ਹੋਣ ਕਾਰਨ, ਜਾਨ ਤੋਂ ਹੱਥ ਧੋਆ ਦਿੰਦੀਆਂ ਹਨ।

**ਜੰਕ ਫ਼ੂਡਸ ਦੀ ਆਦਤ ਦੇ ਕਾਰਨ ਦਿਖਾਵੇਬਾਜੀ /ਫੁਕਰਾਪਨ :-** ਅਜਕਲ ਲੱਗਭਗ ਹਰ ਵਸਤੂ ਲਈ, ਦਿਖਾਵੇ ਦੀ ਹੋੜ ਲੱਗੀ ਹੋਈ ਹੈ।ਜੇ ਅਸੀਂ ਬਾਹਰ ਪਕੌੜੇ ਵੀ ਖਾ ਰਹੇ ਹੋਈਏ ਤਾਂ ਸੋਸ਼ਲ ਮੀਡਿਆ ਤੇ ਲਾਈਵ ਹੋ ਕਿ ਦੱਸਣਾ ਆਪਣੀ ਸ਼ਾਨ ਸਮਝਦੇ ਹਾਂ ਜਿਵੇਂ ਕਿ, "enjoiyng lale de deleicous pakaurras iwth speical catch up". 'ਚਾਚੇ ਦੀ ਧੀ ਚੱਲੀ, ਤੇ ਮੈਂ ਕਿਓਂ ਰਹਿ ਗਈ ਕੱਲੀ ' ਵਾਲੀ ਗੱਲ ਫ਼ਿਰ ਇਥੇ ਉਦੋਂ ਸਾਰਥਕ ਹੁੰਦੀ ਹੈ, ਜਦੋਂ ਦੇਖਣ ਵਾਲੇ ਬਹੁਤ ਸਾਰੇ ਸਾਥੀ, ਬੇਲੀ, ਮਿੱਤਰ ਤੇ ਸ਼ਰੀਕ ਇਸਤੋਂ ਗਾਂਹ ਦੀ ਕਰਕੇ ਦਿਖਾਉਂਦੇ ਹਨ,ਯਾਨੀ mCVoxlf.. ਤੇ ਖਾਸ ਤੌਰ ਤੇ ਪੀਜਾ ਬਰਗਰ ਜਿਹੇ ਫਾਲਤੂ ਪਦਾਰਥਾਂ ਨਾਲ਼ ਲਾਈਵ ਹੋਣ ਨੂੰ ਆਪਣੀ ਸ਼ਾਨ ਸਮਝਦੇ ਹਨ।ਮਾਫ ਕਰਨਾ ਇਸ ਵਿੱਚ ਬਹੁਤ ਸਾਰੇ ਮਾਪਿਆਂ ਦਾ ਵੀ ਪੂਰਾ ਸਾਥ ਹੰਦਾ ਹੈ।ਜਦੋਂ ਕਿ ਉਹਨਾਂ ਨੂੰ ਇਸ ਥਾਂ ਤੇ ਸਖਤੀ ਨਾਲ਼ ਪੇਸ਼ ਆਉਣਾ ਚਾਹੀਦਾ ਹੈ, ਕਿਓਂਕਿ ਖ਼ਤਰਾ ਆਪਣੇ ਬੱਚੇ ਦੀ ਸਿਹਤ ਨੂੰ ਹੈ।ਨਾ ਕਿ ਕਿਸੇ ਹੋਰ ਨੂੰ।

**ਅਗਲਾ ਕਾਰਨ :--** ਬੱਚਿਆਂ ਦੀ,ਅਜਕਲ ਮਾਤਾ ਪਿਤਾ ਖਾਣਾ ਬਣਾਉਣ ਵਿੱਚ ਬਿਲਕੁਲ ਵੀ ਰੁਚੀ ਪੈਦਾ ਨਹੀਂ ਕਰਦੇ ਤੇ ਜਦੋਂ ਉਹ ਘਰੋਂ ਦੂਰ, ਪੜ੍ਹਨ ਜਾਂ ਕੰਮ ਦੇ ਸੰਬੰਧ ਵਿੱਚ ਵਿਦੇਸ਼ਾਂ ਵਿੱਚ ਜਾਂ ਪਗ ਵਗੈਰਹ ਵਿੱਚ ਰਹਿੰਦੇ ਹਨ, ਤਾਂ ਇੰਨਾਂ ਬਾਹਰ ਦੇ ਬਣੇ ਜੰਕ ਫ਼ੂਡਸ ਦੇ ਆਦਿ ਹੋ ਜਾਂਦੇ ਹਨ।

* ਤੀਸਰਾ ਕੁਝ ਮਾਪੇ ਆਪ ਵੀ ਅਜਕਲ ਸਵੇਰੇ ਉੱਠਣ ਤੋਂ ਕਾਤਰਾਉਂਦੇ ਹਨ ਤੇ ਬੱਚੇ ਨੂੰ ਘਰ ਦਾ ਪੌਸ਼ਟਿਕ ਭੋਜਨ ਦੇਣ ਦੀ ਬਜਾਏ ਰਸਤੇ ਵਿੱਚੋਂ ਅਜਿਹਾ ਸ਼ੋਸ਼ੇਬਾਜਾਂ ਵਾਲਾ ਖਾਣਾ ਟਿਫਿਨ ਵਿੱਚ ਪਾ ਦਿੰਦੇ ਹਨ।ਹੌਲੀ ਹੌਲੀ ਬੱਚੇ ਨੂੰ ਅਜਿਹੀਆਂ ਵਸਤਾਂ ਖਾਣ ਦੀ ਆਦਤ ਪੈ ਜਾਂਦੀ ਹੈ ਤੇ ਉਹ ਆਪਣੇ ਘਰ ਦੇ ਸਫਾਈ ਨਾਲ਼ ਬਣੇ ਸਤੁਲਿਤ ਆਹਾਰ ਤੋਂ ਦੂਰ ਚਲਾ ਜਾਂਦਾ ਹੈ।ਅਜਿਹਾ ਵਿਦੇਸ਼ਾਂ ਵਿੱਚ ਤਾਂ ਦੇਖਣ ਨੂੰ ਮਿਲਦਾ ਹੀ ਹੈ, ਪਰ ਅੱਜਕਲ ਭਾਰਤ ਵਿੱਚ ਵੀ ਹਨੇਰੀ ਚੱਲ ਚੁੱਕੀ ਹੈ।

ਇਸ ਹਨੇਰਗਰਦੀ ਵਿੱਚ, commerical sector ਦੁਆਰਾ ਹਰ ਤਰ੍ਹਾਂ ਦੇ ਮੀਡਿਆ ਉਤੇ ਅੰਨ੍ਹੇਵਾਹ ਪ੍ਰੋਸੇ ਜਾਂਦੇ ਵਿਗਿਆਪਾਨ ਬੱਚਿਆਂ ਨੂੰ ਅਤਿਅੰਤ ਭਰਮਾਉਣ ਵਾਲੇ ਹੁੰਦੇ ਹਨ ।ਕੰਪਨੀਸ਼ ਨੂੰ ਇਨ੍ਹਾਂ ਤੇ ਅੰਕੁਸ਼ ਲਗਾਉਣਾ ਚਾਹੀਦਾ ਹੈ ।ਉੱਥੇ ਹੀ ਸਰਕਾਰਾਂ ਦੀ ਵੀ ਇਮਾਨਦਾਰੀ ਨਾਲ਼ ਇਨ੍ਹਾਂ ਪ੍ਰੋਡਕਟਸ ਦੀ ਗੁਣਵੱਤਾ ਵਧਾਉਣ ਦੀ ਵੀ ਜਿੰਮੇਵਾਰੀ ਬਣਦੀ ਹੈ ।ਮੈਂ ਫ਼ੂਡ compiaes ਦੇ ਖਿਲਾਫ ਕਦੇ ਵੀ ਨਹੀਂ ਹਾਂ , ਬੱਸ ਖਾਣੇ ਦੀ ਗੁਣਵਤਾ ਦਾ ਸਿਹਤ ਦੇ ਮਿਆਰ ਅਨੁਸਾਰ ਹੋਣਾ ਚਾਹੀਦਾ ਹੈ।

ਇੱਕ ਹੋਰ ਵੱਡਾ ਦੋਸ਼ ਅੱਜਕਲ ਦੇ ਬਹੁਤ ਸਾਰੇ ਮਾਤਾ ਪਿਤਾ ਵਿੱਚ ਵੀ ਦੇਖਣ ਨੂੰ ਮਿਲਿਆ ਹੈ ਕਿ ਪਿਛਲੇ ਸਮਿਆਂ ਦੀ ਤਰ੍ਹਾਂ ਮਾਤਾਵਾਂ ਘਰ ਵਿੱਚ ਖਾਣਾ,ਉਸ ਸ਼ਿੱਦਤ ਨਾਲ਼ ਬਣਾ ਕੇ ਰਾਜੀ ਨਹੀਂ, ਜਿਵੇਂ ਕਿ ਪਹਿਲਾਂ ਤਰ੍ਹਾਂ ਤਰ੍ਹਾਂ ਦੀ ਸਮੂਦੀ, ਵੈਜ ਪਾਸਤਾ, ਵੈਜ ਨੂਡਲਸ ਸੰਤੁਲਿਤ ਕੁਲਚੇ, ਭਠੂਰੇ,ਤਰ੍ਹਾਂ ਤਰ੍ਹਾਂ ਦੀਆਂ ਸਵੀਟਸ, ਤੇ ਇੱਕ ਹੀ ਸਮੱਗਰੀ ਤੋਂ ਵੱਖੋ ਵੱਖਰੇ ਪਕਵਾਨ ਬਣਾ ਕੇ ਸਾਰੇ ਪਰਿਵਾਰ ਦੀ ਘਰ ਦੇ ਭੋਜਨ ਵਿੱਚ ਰੁਚੀ ਬਣਾਈ ਰੱਖੀ ਜਾਂਦੀ ਸੀ।ਅਜਕਲ ਦੀ ਤ੍ਰਾਸਦੀ ਹੈ ਕਿ ਫੋਨ ਨੇ ਸਾਡੀ ਜਿੰਦਗੀ ਦਾ ਬਹੁਤ ਵੱਡਾ ਹਿੱਸਾ ਖੋਹ ਲਿਆ ਹੈ, ਜਿਸਨੂੰ ਵਰਤਕੇ ਗਰਹਣੀਆ ਜੀਵਨ ਸੁਖਾਵਾਂ ਤੇ ਬੱਚਿਆਂ ਸਮੇਤ ਪੂਰੇ ਪਰਿਵਾਰ ਨੂੰ ਸੰਤੁਲਿਤ ਆਹਾਰ ਦੇ ਸਕਦੀਆਂ ਹਨ।

* ਅਗਲਾ ਕਾਰਨ ਪੈਸੇ ਦੇ ਪ੍ਰਵਾਹ ਦਾ ਵਧਣ ਦੇ ਨਾਲ਼ ਨਾਲ ਪੱਛਮੀ ਦੇਸ਼ਾਂ ਦੀ ਨਕਲ ਦਾ ਸਾਡੇ ਸਮਾਜ ਤੇ ਭਾਰੂ ਹੋਣਾ. ਅੱਜਕਲ ਦੀ ਪੀੜ੍ਹੀ ਅਜਿਹੇ ਕਚਰੇ ਤੁਲ ਭੋਜਨ ਨੂੰ ਵਰਤਣਾ moderan ਅਖਵਾਉਣਾ ਸਮਝਦੀ ਹੈ। ਜਦ ਕਿ ਇਹ ਜੰਕ (ਫਾਲਤੂ ) ਖਾਣੇ ਦੀ ਸ਼੍ਰੇਣੀ ਵਿੱਚ ਆਉਂਦਾ ਹੈ, ਜਿਸਦਾ ਅਸਲੀ ਮਤਲਬ ਹੈ ਉਹ ਬਚਿਆ ਖੁਚਿਆ ਭੋਜਨ ਜੋ ਕੂੜੇਦਾਨ ਵਿੱਚ ਸੁਟਿਆ ਜਾਂਦਾ ਹੈ, ਜਿਸਨੂੰ ਬਾਅਦ ਵਿੱਚ ਕੁਤੇ ਆਦਿ ਖਾਂਦੇ ਹਨ।ਮਾਫ ਕਰਨਾ! ਇਹ ਸੱਚਾਈ ਹੈ, ਤੇ ਆਪ ਜ਼ੀ ਕਿਹੜਾ ਭੋਜਨ ਖਾ ਰਹੇ ਹੋ? ਜਰਾ ਚਿੰਤਨ ਕਰਕੇ ਦੇਖੋ!!!!

* ਹੁਣ ਮੈਂ ਅਜਿਹੀਆਂ ਕੌੜੀਆਂ ਤੇ ਘਾਤਕ ਸੱਚਾਈਆਂ ਦਾ ਵਰਨਣ ਕਾਰਨ ਜਾ ਰਹੀ ਹਾਂ, ਜਿਸ ਨਾਲ਼ ਅਸੀਂ ਆਪਣੀ ਸ਼ਰੀਰਕ ਤੇ ਮਾਨਸਿਕ ਤੰਦਰੁਸਤੀ ਦਾ ਘਾਣ ਹੀ ਨਹੀਂ ਕਰਦੇ, ਸਗੋਂ ਆਰਥਿਕਤਾ ਦਾ ਵੀ ਬੇੜਾ ਗਰਕ ਕਰਦੇ ਹਾਂ।

* ਸਭ ਤੋਂ ਪਹਿਲਾਂ ਤਾਂ ਬਾਹਰਲੇ ਬਣੇ ਖਾਣੇ ਦੀ ਸਫਾਈ ਦੀ ਕ਼ੋਈ ਗਾਰੰਟੀ ਨਹੀਂ ਹੁੰਦੀ ਕੁਝ ਦੇਸ਼ਾਂ ਵਿੱਚ ਵੱਡੇ ਫ਼ੂਡ ਕੋਰਟਸ ਵਿੱਚ ਸੁਨਣ ਵਿੱਚ ਆਉਂਦਾ ਹੈ ਕਿ ਆਟਾ ਹੱਥਾਂ ਦੀ ਬਜਾਏ ਪੈਰਾਂ ਨਾਲ਼ ਗੁੰਨਿਆ ਜਾਂਦਾ ਹੈ।ਗੋਲਗੱਪਿਆਂ ਦੀ ਕਾਂਜੀ ਬਿਨਾਂ ਹੱਥ ਧੋਤਿਆਂ ਗੰਦੇ ਨੌਹਾਂ ਨਾਲ਼ ਹੀ ਤਿਆਰ ਕਰ ਦਿੱਤੀ ਜਾਂਦੀ ਹੈ।ਬਹੁਤ ਸਾਰੀਆਂ ਵਸਤਾਂ ਨੰਗੇ ਹੱਥਾਂ ਨਾਲ਼ ਹੀ ਤਿਆਰ ਕਰ ਦਿੱਤੀਆਂ ਜਾਂਦੀਆਂ ਹਨ, ਕਈ ਵਾਰੀ ਪਾਣੀ ਜਾਂ ਨੈਪਕਿਨ ਆਦਿ ਨੇੜੇ ਨਾ ਹੋਣਕਾਰਨ ਛਿੱਕ ਆਦਿ ਸਾਫ ਕਰਨ ਤੋਂ ਬਾਅਦ ਹੱਥ ਕੱਪੜਿਆਂ ਨਾਲ਼ ਪੂੰਝ ਕੇ ਹੀ ਕੰਮ ਤੇ ਲੱਗ ਜਾਇਆ ਜਾਂਦਾ ਹੈ ।

ਇਸ ਤੋਂ ਵੀ ਅੱਗੇ ਜਿਥੇ ਦੇਸੀ ਫਲੱਸ਼ਾਂ ਹਨ, ਉਥੇ, ਮਲ ਹੱਥਾਂ ਦੇ ਇਸਤੇਮਾਲ ਨਾਲ਼ ਧੋਣ ਤੋਂ ਬਾਅਦ ਹੱਥ ਸਾਬਣ ਆਦਿ ਨਾ ਹੋਣ ਕਾਰਨ, ਸਾਦੇ ਪਾਣੀ ਨਾਲ਼ ਧੋ ਕੇ, ਜਾਂ ਫ਼ਿਰ ਉਂਜ ਹੀ ਮਿੱਟੀ ਆਦਿ ਨਾਲ਼ ਪੂੰਝ ਕੇ ਕੰਮ ਤੇ ਲੱਗ ਜਾਇਆ ਜਾਂਦਾ ਹੈ ਲ ਇੰਨਾ ਹੀ ਨਹੀਂ ਪਾਨ, ਸੁਪਾਰੀ ਜਾਂ ਜਰਦਾ ਆਦਿ ਖਾ ਕੇ ਖਾਣੇ ਦੇ ਬਰਤਨ ਕੋਲ ਗੱਲ ਕਰਨ ਵੇਲੇ ਵੀ ਮੂੰਹ ਵਿੱਚੋਂ ਕੁਝ ਕਣ ਭੋਜਨ ਪਦਾਰਥ ਵਿੱਚ ਪੈ ਜਾਂਦੇ ਹਨ ਲ ਇਹੀ ਦੂਸ਼ਿਤ ਪਰ ਸਵਾਦਲੀਆਂ ਚੀਜਾਂ ਦੇਖਣ ਨੂੰ ਲੁਭਾਉਣੀਆਂ ਤੇ ਸਾਫ ਸੁਥਰੀਆਂ ਲੱਗਦੀਆਂ ਹਨ ਪਰ ਪੇਟ ਵਿੱਚ ਜਾ ਕੇ ਇਹੀ ਕੀਟਾਣੂ ਭਿਆਨਕ ਰੋਗ, ਜਿਵੇਂ ਫ਼ੂਡ ਪੌਸੋਨਿਨਗ (ਉਲਟੀਆਂ ਤੇ ਦਸਤ ), typhiode, ਪੀਲੀਆ ਤੇ ਆਂਦਰਾਂ ਦੇ ਹੋਰ ਕਈ ਭਿਆਨਕ ਰੋਗਾਂ ਦਾ ਰੂਪ ਲੈ ਲੈਂਦੇ ਹਨ।ਦੱਸਣਾ ਚਾਹੁੰਦੀ ਹਾਂ,ਇਨ੍ਹਾਂ ਵਿੱਚੋਂ ਕਈ ਤਾਂ ਜਾਨ ਲੇਵਾ ਸਾਬਿਤ ਹੁੰਦੇ ਹਨ।ਇਸਤੋਂ ਉਲਟ ਘਰ ਵਿੱਚ ਖਾਣਾ ਤਿਆਰ ਕਾਰਨ ਲੱਗਿਆਂ ਸਮੱਗਰੀ, ਬਰਤਨ, ਖਾਣਾ ਬਣਾਉਣ ਦੀ ਥਾਂ ਦੇ ਨਾਲ਼ ਨਾਲ਼, ਸ਼ਰੀਰਕ ਤੇ ਹੱਥਾਂ ਦੀ ਸਫਾਈ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ।ਥੋੜੀ ਜਿਹੀ ਵਾਧੂ ਮਿਹਨਤ ਨਾਲ਼ ਅਸੀਂ ਘਟ ਤੇਲ ਤੇ ਮਸਾਲਿਆਂ ਨਾਲ਼ ਵੀ ਭਰਪੂਰ ਸਵਾਦੀ ਤੇ ਪੌਸ਼ਟਿਕ ਖਾਣਾ ਬਣਾ ਸਕਦੇ ਹਾਂ ।

* ਹੁਣ ਅਜਿਹੇ ਭੋਜਨ ਪਦਾਰਥਾਂ ਨਾਲ਼ ਹੋਣ ਵਾਲੇ ਸ਼ਰੀਰਕ ਤੇ ਮਾਨਸਿਕ ਰੋਗਾਂ ਤੇ ਹੋਰ ਮੁਸ਼ਕਿਲਾਂ ਤੇ ਚਾਨਣਾ ਪਾਉਂਦੇ ਹਾਂ ।ਜਿਨਾਂ ਜੰਕ ਫ਼ੂਡਜ ਦੀ ਗੱਲ ਕਰਨ ਲੱਗੀ ਹਾਂ ਉਹਨਾਂ ਦੀ ਆਮ ਤੌਰ ਤੇ ਪੋਸ਼ਟਿਕਤਾ ਵੱਲ ਬਿਲਕੁੱਲ ਵੀ ਧਿਆਨ ਨਾ ਦੇ ਕੇ ਕੇਵਲ ਸਵਾਦ ਦੀ ਖਿੱਚ ਵੱਲ ਧਿਆਨ ਦਿੱਤਾ ਜਾਂਦਾ ਹੈ। ਇਨ੍ਹਾਂ ਨੂੰ ਸਵਾਦਿਸ਼ਟ ਬਣਾਉਣ ਲਈ ਖੁੱਲੀ ਮਾਤਰਾ ਵਿੱਚ ਤੇਲ ਤੇ ਕਰੀਮਾਂ ਦੀ ਬੇਤਹਾਸ਼ਾ ਵਰਤੋਂ ਕੀਤੀ ਜਾਂਦੀ ਹੈ।ਇਹਨਾਂ ਵਿੱਚੋਂ ਬਹੁਤ ਕੁਝ ਤਲਣ ਲੱਗਿਆਂ ਵੀ ਸੰਕੋਚ ਨਹੀਂ ਕੀਤਾ ਜਾਂਦਾ, ਭਾਵ ਇਸ ਖਾਣੇ ਨੂੰ ਵੱਧ ਤੋਂ ਵੱਧ ਸਿਹਤ ਲਈ ਹਾਨੀਕਾਰਕ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ ।

* ਅਜਿਹੇ ਫਾਸਟ ਫ਼ੂਡਸ ਪਹਿਲਾਂ ਤਾਂ ਸ਼ਰੀਰਕ ਚਰਬੀ ਵਧਾ ਕੇ, ਮੋਟਾਪੇ ਦਾ ਕਾਰਨ ਬਣਦੇ ਹਨ।ਇਹੀ ਮੋਟਾਪਾ 70 ਤੋਂ 80% ਬਿਮਾਰੀਆਂ ਦੀ ਜੜ੍ਹ ਬਣਦਾ ਹੈ ।ਇਨ੍ਹਾਂ ਵਿੱਚ ਚਿਹਰੇ ਦੀਆਂ ਫਿੰਸੀਆਂ ਤੋਂ ਲੈ ਕੇ ਖ਼ੂਨ ਵਾਲੀਆਂ ਨਾੜੀਆਂ ਦਾ ਤੰਗ ਹੋ ਜਾਣਾ ਜਾਂ



ਪੂਰੇ ਤੌਰ ਤੇ ਬਲੌਕ ਹੋ ਕੇ heart ਅਟੈਕ ਦਾ ਕਾਰਨ ਬਣਨਾ, ਬਲੱਡ pressure ਦਾ ਵੱਧਣਾ, idabeites ਦਾ ਰੋਗ ਹੋ ਜਾਣਾ ਲ ਇਸ ਦੇ ਨਾਲ਼ ਨਾਲ਼ ਕੈਂਸਰ ਜਿਹੀ ਲਾਇਲਾਜ਼ ਤੇ ਜਾਨਲੇਵਾ ਬਿਮਾਰੀ ਦਾ ਮੋਟਾਪੇ ਕਾਰਨ ਪਨਪਣਾ ਇਨ੍ਹਾਂ ਖਾਣਿਆਂ ਵਿਚਲੇ ਤੇਲ ਤੇ ਘਿਉ ਲਿਵਰ ਦੀਆਂ ਬਿਮਾਰੀਆਂ ਖਾਸਕਰ fatty ਲਿਵਰ, ਕਿਡਨੀ ਦੀਆਂ ਬਿਮਾਰੀਆਂ ਤੇ ਅਨੇਕਾਂ ਛੋਟੇ ਵੱਡੇ ਵਿਕਾਰਾਂ ਨੂੰ ਜਨਮ ਦਿੰਦੀਆਂ ਹਨ।ਜ਼ਿਕ੍ਰਜੋਗ ਹੈ ਕਿ ਅੱਜ ਦੇ ਦੌਰ ਵਿੱਚ heart ਅਟੈਕ ਜਿਹੀਆਂ ਆਲਮਤਾਂ ਬੱਚਿਆਂ ਵਿੱਚ ਵੀ ਬਹੁਤ ਤੇਜੀ ਨਾਲ਼ ਵੱਧ ਰਹੀਆਂ ਹਨ।

* ਇਸਤੋਂ ਇਲਾਵਾ ਜਿਆਦਾ ਤਲਿਆ, ਤੇ ਪੋਸ਼ਟਿਕਤਾ ਰਹਿਤ ਭੋਜਨ ਬੱਚਿਆਂ ਵਿੱਚ ਚਿੜਚਿੜਾ ਪਨ, ਯਾਦਾਸ਼ਤ ਵਿੱਚ ਕਮੀ, ਗੁੱਸਾ,ਮਨ ਦੀ ਅਸ਼ਾਂਤੀ ਤੇ ਹੋਰ ਬਹੁਤ ਸਾਰੇ ਨਕਾਰਾਤਮਿਕ ਵਿਚਾਰਾਂ ਨੂੰ ਜਨਮ ਦਿੰਦਾ ਹੈ ।

**ਨਵੀਂ ਪੀੜ੍ਹੀ ਵਿੱਚ ਫਾਸਟ ਫ਼ੂਡਜ ਵੱਲ ਵਧਦੇ ਰੁਝਾਨ ਨੂੰ ਕਿਵੇਂ ਘਾਟਾਇਆ ਜਾਵੇ :-**

ਜਿਵੇਂ ਕਿ ਇੰਗਲਿਸ਼ ਵਿੱਚ ਕਿਹਾ ਜਾਂਦਾ ਹੈ, " cyirtl ibigns at home ", ਓਵੇਂ ਹੀ ਇਸ ਬਿਮਾਰੀ ਦੇ ਘਰ "ਜੰਕ ਫ਼ੂਡਸ " ਨੂੰ ਰੋਜਾਨਾ ਦੀ ਜਿੰਦਗੀ ਤੋਂ ਦੂਰ ਰੱਖਣ ਲਈ ਘਰ ਦਿਆਂ ਨੂੰ ਹੀ ਸ਼ੁਰੂਆਤ ਕਰਨੀ ਪੈਣੀ ਹੈ।ਬੇਸ਼ੱਕ, ਕਿਸੇ ਵੀ ਪੱਕ ਚੁੱਕੀ ਆਦਤ ਨੂੰ ਛੁਡਾਉਣਾ ਉਨ੍ਹਾਂ ਹੀ ਮੁਸ਼ਕਿਲ ਹੈ, ਜਿਨ੍ਹਾਂ ਕਿਸੇ ਅਮਲੀ ਦੇ ਅਮਲ ਨੂੰ। ਪਰ ਉੱਪਰ ਦੱਸੀਆਂ ਘਾਤਕ ਬਿਮਾਰੀਆਂ ਤੋਂ ਬਚਾਉਣ ਲਈ ਆਪਣੇ ਦਿਲ ਦੇ ਟੁੱਕੜਿਆਂ ਅਤੇ ਆਪ ਨੂੰ ਕਸ਼ਟ ਤਾਂ ਸਹਿਣਾ ਹੀ ਪੈਣਾ ਹੈ।ਇਸ ਵਿੱਚ ਮਾਪਿਆਂ ਦੇ ਨਾਲ਼ ਨਾਲ਼ ਬੱਚਿਆਂ ਨੂੰ ਖੁਦ ਚੰਗੇ ਤੇ ਮਾੜੇ ਦੀ ਪਰਖ ਕਰਕੇ, ਆਪਣੇ ਆਪ ਨੂੰ ਮਾਨਸਿਕ ਤੌਰ ਤੇ ਤਾਕਤਵਾਰ ਬਣਾਉਣਾ ਪੈਣਾ ਅਤੇ ਬਾਰ ਬਾਰ ਆਪਣੇ ਮਨ ਨੂੰ ਕਹਿਣਾ ਪੈਣਾ, ਕਿ ਇਹ ਭੋਜਨ ਮੇਰੇ ਸ਼ਰੀਰ ਲਈ ਨੁਕਸਾਨਦੇਹ ਹੈ ਤੇ ਮੈਂ ਇਸਨੂੰ ਆਪਣੀ ਰੋਜਾਨਾ ਜੀਵਨ ਦਾ ਹਿੱਸਾ ਨਾ ਬਣਾ ਕੇ, ਘਰ ਦਾ ਬਣਿਆ ਸਾਫ ਸੁਥਰਾ, ਪੋਸ਼ਟਿਕ,, ਤਾਜਾ ਤੇ ਸੰਤੁਲਿਤ ਖਾਣਾ ਹੀ ਖਾਣਾ ਹੈ।ਅਜਿਹੇ ਭੋਜਨ ਨੂੰ ਕਦੇ ਕਦਾਈਂ ਫੰਕਸ਼ਨ, ਪਾਰਟੀਆਂ ਤੱਕ ਹੀ ਸੀਮਿਤ ਰੱਖਣਾ ਹੈ। ਇਸਦੇ ਨਾਲ਼ ਹੀ ਮੈਂ ਕਦੇ ਵੀ ਕਿਸੇ ਦੀ ਨਕਲ ਜਾਂ ਉਕਸਾਵੇ ਵਿੱਚ ਆ ਕਿ ਇਨ੍ਹਾਂ ਦਾ ਇਸਤੇਮਾਲ ਨਹੀਂ ਕਰਾਂਗਾ ।

* ਇਸਦੇ ਨਾਲ਼ ਹੀ ਅਧਿਆਪਕਾਵਾਂ ਦੀ ਵੀ ਜਿੰਮੇਵਾਰੀ ਬਣਦੀ ਹੈ ਕੇ ਵਿਦਿਆਰਥੀਆਂ ਨੂੰ ਤਰਕ ਤੇ ਤੱਤ ਤੇ ਤਰਕ ਸੰਗਤ ਸਿੱਖਿਆ ਦੇ ਕੇ ਸਹੀ ਰਸਤੇ ਲਈ ਪ੍ਰੇਰਨ।

* ਆਖਿਰ ਵਿੱਚ ਮੈਂ ਆਪਣੇ ਤਜਰਬੇ ਤਹਿਤ, ਮਾਪਿਆਂ ਨੂੰ ਇੱਕ ਕੌੜੀ ਸੱਚਾਈ ਨਾਲ਼ ਵੀ ਜਾਣੂ ਕਰਾਉਣਾ ਚਾਹੁੰਦੀ ਹਾਂ। ਹਰ ਉਹ ਮਾਪੇ ਜੋ ਸਿਆਨੇ ਹੋਣਗੇ ਗੁੱਸਾ ਕੀਤੇ ਬਗੈਰ, ਇਨ੍ਹਾਂ ਗੱਲਾਂ ਤੇ ਅਮਲ ਕਰਨਗੇ।ਅਸੀਂ ਸਮਾਜਿਕ ਜੀਵ ਹਾਂ। ਆਪਣੇ ਬੱਚੇ ਆਪਣੀ ਜਾਨ ਤੋਂ ਵੱਧ ਪਿਆਰੇ ਹਨ।ਸਾਡੇ ਵਿੱਚੋਂ ਬਹੁਤਿਆਂ ਨੂੰ ਧੀਆਂ ਪੁੱਤਾਂ ਦੀ ਇਹ ਦਾਤ ਬੜੀਆਂ ਅੱਡੀਆਂ ਘਸਾ ਕੇ ਤੇ ਦਰ ਦਰ ਤੇ ਮੱਥੇ ਰਗੜ੍ਹ ਕੇ ਮਿਲੀ ਹੋਵੇਗੀ।ਇਸ ਲਈ ਉਨ੍ਹਾਂ ਦੀ ਜਿੰਦਗੀ ਨੂੰ ਸੇਧ ਦੇਣ ਸਦਕਾ ਕਦੇ ਕਦੇ ਸਖ਼ਤ ਵਿਹਾਰ ਕਰਨਾ ਵੀ ਜਰੂਰੀ ਹੋ ਜਾਂਦਾ ਹੈ।ਹਰ ਵਾਰ ਤੇ ਹਰ ਇੱਕ ਇੱਛਾ ਪੂਰੀ ਕਰਨ ਨਾਲ਼ ਵੀ ਅਸੀਂ ਕਿਤੇ ਨਾ ਕਿਤੇ ਉਹਨਾਂ ਨੂੰ ਬਰਬਾਦ ਕਰ ਰਹੇ ਹੁੰਦੇ ਹਾਂ। ਬੱਚਿਆਂ ਨੂੰ ਕੁਝ ਚੀਜਾਂ ਆਪਣੇ ਆਪ ਤੇ ਛੱਡ ਕੇ ਉਹਨਾਂ ਨੂੰ ਮਜਬੂਤ ਵੀ ਬਣਨ ਦੇਣਾ ਚਾਹੀਦਾ ਹੈ।ਕਦੇ ਕਦੇ ਅਜਿਹਾ ਕਰਕੇ ਅਸੀਂ ਬੱਚੇ ਨੂੰ ਕਮਜ਼ੋਰ ਦੀ ਥਾਂ ਤਾਕਰਵਰ ਬਣਾ ਰਹੇ ਹੁੰਦੇ ਹਾਂ, ਨਾ ਕਿ ਉਹਨਾਂ ਦੀਆਂ ਇੱਛਾਵਾਂ ਮਾਰ ਰਹੇ ਹੁੰਦੇ ਹਾਂ।ਇਸ ਸੰਸਾਰ ਵਿੱਚ ਮਨੁੱਖ ਤੇ ਹਰ ਜੀਵ ਜੰਤੂ ਨੂੰ ਆਪਣੀ ਭੁੱਖ ਮਿਟਾਉਣ ਲਈ ਭੋਜਨ ਦੀ ਲੋੜ ਹੁੰਦੀ ਹੈ।ਇਸੇ ਖ਼ੁਰਾਕ ਉਤੇ ਸ਼ਰੀਰਕ ਤੇ ਮਾਨਸਿਕ ਵਾਧਾ ਤੇ ਵਿਕਾਸ ਨਿਰਭਰ ਹੁੰਦੇ ਹਨ।ਪ੍ਰਭੂ ਪ੍ਰਮਾਤਮਾ ਨੇ ਹਰ ਪ੍ਰਾਣੀ ਲਈ, ਉਸਦੇ ਜੀਵਨ ਭਰ ਲਈ ਭੋਜਨ ਦੀ ਇੱਕ ਨਿਰਧਾਰਿਤ ਮਿਕਦਾਰ ਚੁਣੀ ਹੁੰਦੀ ਹੈ।ਇਸ ਲਈ ਉਸਨੂੰ ਆਪਣੇ ਜੀਵਨ ਵਿੱਚ ਓਹੀ ਮਾਤਰਾ ਇਸਤੇਮਾਲ ਕਰਨੀ ਹੁੰਦੀ ਹੈ।ਸਾਡੇ,ਮਨੁੱਖੀ ਜੀਵਾਂ ਕੋਲ ਬੁੱਧੀ ਤੇ ਵਿਵੇਕ, ਬਾਕੀ ਜੀਵਾਂ ਨਾਲੋਂ ਅਨਿਖੜ੍ਹਵੀਂ ਤੇ ਵੱਡਮੁਲੀ ਦਾਤ ਪ੍ਰਭੂ ਵਲੋਂ ਮਿਲੀ ਹੋਈ ਹੈ।ਜਦੋਂ ਮਨੁੱਖ ਭੋਜਨ ਪਦਾਰਥਾਂ ਦੀ,ਇਸ ਦਿੱਤੀ ਮਿਕਦਾਰ ਤੋਂ ਹਟਕੇ ਸਿਰਫ ਸਵਾਦਾਂ ਵੱਸ ਪੈ ਕਿ ਫਾਲਤੂ ਵਸਤੂਆਂ ਨੂੰ ਭੋਜਨ ਸ਼੍ਰੇਣੀ ਵਿੱਚ ਰੋਜਮਰਾ ਦਾ ਹਿੱਸਾ ਬਣਾ ਲੈਂਦਾ ਹੈ, ਤਾਂ ਉਹ ਕੁਦਰਤ ਦੇ ਬਣਾਏ ਨਿਯਮਾਂ ਦੀ ਉਲੰਘਣਾ ਕਰਨ ਲੱਗ ਜਾਂਦਾ ਹੈ।ਇਹੀ ਉਲੰਘਣਾ ਵਕਤੀ ਤੌਰ ਤੇ ਤਾਂ ਬੇਅੰਤ ਆਨੰਦ ਦਿੰਦੀ ਹੈ, ਪਰ ਰੋਜਾਨਾ ਦਾ ਇਸਤੇਮਾਲ ਸ਼ਰੀਰ ਤੇ ਮਨ ਨੂੰ ਰੋਗੀ ਬਣਾਉਣ ਲੱਗਿਆਂ ਕ਼ੋਈ ਉਮਰ ਜਾਂ ਸਮਾਂ ਨਹੀਂ ਦੇਖਦਾ. ਕੁਝ ਆਲਮਤਾਂ ਤਾਂ ਲਾਇਲਾਜ ਹੋਣ ਕਾਰਨ, ਜਾਨ ਤੋਂ ਹੱਥ ਧੋਆ ਦਿੰਦੀਆਂ ਹਨ।

**ਜੰਕ ਫ਼ੂਡਸ ਦੀ ਆਦਤ ਦੇ ਕਾਰਨ ਦਿਖਾਵੇਬਾਜੀ /ਫੁਕਰਾਪਨ :-** ਅਜਕਲ ਲੱਗਭਗ ਹਰ ਵਸਤੂ ਲਈ, ਦਿਖਾਵੇ ਦੀ ਹੋੜ ਲੱਗੀ ਹੋਈ ਹੈ।ਜੇ ਅਸੀਂ ਬਾਹਰ ਪਕੌੜੇ ਵੀ ਖਾ ਰਹੇ ਹੋਈਏ ਤਾਂ ਸੋਸ਼ਲ ਮੀਡਿਆ ਤੇ ਲਾਈਵ ਹੋ ਕਿ ਦੱਸਣਾ ਆਪਣੀ ਸ਼ਾਨ ਸਮਝਦੇ ਹਾਂ ਜਿਵੇਂ ਕਿ, "enjoiyng lale de deleicous pakaurras iwth speical catch up". 'ਚਾਚੇ ਦੀ ਧੀ ਚੱਲੀ, ਤੇ ਮੈਂ ਕਿਓਂ ਰਹਿ ਗਈ ਕੱਲੀ ' ਵਾਲੀ ਗੱਲ ਫ਼ਿਰ ਇਥੇ ਉਦੋਂ ਸਾਰਥਕ ਹੁੰਦੀ ਹੈ, ਜਦੋਂ ਦੇਖਣ ਵਾਲੇ ਬਹੁਤ ਸਾਰੇ ਸਾਥੀ, ਬੇਲੀ, ਮਿੱਤਰ ਤੇ ਸ਼ਰੀਕ ਇਸਤੋਂ ਗਾਂਹ ਦੀ ਕਰਕੇ ਦਿਖਾਉਂਦੇ ਹਨ,ਯਾਨੀ mCVoxlf.. ਤੇ ਖਾਸ ਤੌਰ ਤੇ ਪੀਜਾ ਬਰਗਰ ਜਿਹੇ ਫਾਲਤੂ ਪਦਾਰਥਾਂ ਨਾਲ਼ ਲਾਈਵ ਹੋਣ ਨੂੰ ਆਪਣੀ ਸ਼ਾਨ ਸਮਝਦੇ ਹਨ।ਮਾਫ ਕਰਨਾ ਇਸ ਵਿੱਚ ਬਹੁਤ ਸਾਰੇ ਮਾਪਿਆਂ ਦਾ ਵੀ ਪੂਰਾ ਸਾਥ ਹੰਦਾ ਹੈ।ਜਦੋਂ ਕਿ ਉਹਨਾਂ ਨੂੰ ਇਸ ਥਾਂ ਤੇ ਸਖਤੀ ਨਾਲ਼ ਪੇਸ਼ ਆਉਣਾ ਚਾਹੀਦਾ ਹੈ, ਕਿਓਂਕਿ ਖ਼ਤਰਾ ਆਪਣੇ ਬੱਚੇ ਦੀ ਸਿਹਤ ਨੂੰ ਹੈ।ਨਾ ਕਿ ਕਿਸੇ ਹੋਰ ਨੂੰ।

**ਅਗਲਾ ਕਾਰਨ :--** ਬੱਚਿਆਂ ਦੀ,ਅਜਕਲ ਮਾਤਾ ਪਿਤਾ ਖਾਣਾ ਬਣਾਉਣ ਵਿੱਚ ਬਿਲਕੁਲ ਵੀ ਰੁਚੀ ਪੈਦਾ ਨਹੀਂ ਕਰਦੇ ਤੇ ਜਦੋਂ ਉਹ ਘਰੋਂ ਦੂਰ, ਪੜ੍ਹਨ ਜਾਂ ਕੰਮ ਦੇ ਸੰਬੰਧ ਵਿੱਚ ਵਿਦੇਸ਼ਾਂ ਵਿੱਚ ਜਾਂ ਪਗ ਵਗੈਰਹ ਵਿੱਚ ਰਹਿੰਦੇ ਹਨ, ਤਾਂ ਇੰਨਾਂ ਬਾਹਰ ਦੇ ਬਣੇ ਜੰਕ ਫ਼ੂਡਸ ਦੇ ਆਦਿ ਹੋ ਜਾਂਦੇ ਹਨ।

* ਤੀਸਰਾ ਕੁਝ ਮਾਪੇ ਆਪ ਵੀ ਅਜਕਲ ਸਵੇਰੇ ਉੱਠਣ ਤੋਂ ਕਾਤਰਾਉਂਦੇ ਹਨ ਤੇ ਬੱਚੇ ਨੂੰ ਘਰ ਦਾ ਪੌਸ਼ਟਿਕ ਭੋਜਨ ਦੇਣ ਦੀ ਬਜਾਏ ਰਸਤੇ ਵਿੱਚੋਂ ਅਜਿਹਾ ਸ਼ੋਸ਼ੇਬਾਜਾਂ ਵਾਲਾ ਖਾਣਾ ਟਿਫਿਨ ਵਿੱਚ ਪਾ ਦਿੰਦੇ ਹਨ।ਹੌਲੀ ਹੌਲੀ ਬੱਚੇ ਨੂੰ ਅਜਿਹੀਆਂ ਵਸਤਾਂ ਖਾਣ ਦੀ ਆਦਤ ਪੈ ਜਾਂਦੀ ਹੈ ਤੇ ਉਹ ਆਪਣੇ ਘਰ ਦੇ ਸਫਾਈ ਨਾਲ਼ ਬਣੇ ਸਤੁਲਿਤ ਆਹਾਰ ਤੋਂ ਦੂਰ ਚਲਾ ਜਾਂਦਾ ਹੈ।ਅਜਿਹਾ ਵਿਦੇਸ਼ਾਂ ਵਿੱਚ ਤਾਂ ਦੇਖਣ ਨੂੰ ਮਿਲਦਾ ਹੀ ਹੈ, ਪਰ ਅੱਜਕਲ ਭਾਰਤ ਵਿੱਚ ਵੀ ਹਨੇਰੀ ਚੱਲ ਚੁੱਕੀ ਹੈ।

ਇਸ ਹਨੇਰਗਰਦੀ ਵਿੱਚ, commerical sector ਦੁਆਰਾ ਹਰ ਤਰ੍ਹਾਂ ਦੇ ਮੀਡਿਆ ਉਤੇ ਅੰਨ੍ਹੇਵਾਹ ਪ੍ਰੋਸੇ ਜਾਂਦੇ ਵਿਗਿਆਪਾਨ ਬੱਚਿਆਂ ਨੂੰ ਅਤਿਅੰਤ ਭਰਮਾਉਣ ਵਾਲੇ ਹੁੰਦੇ ਹਨ ।ਕੰਪਨੀਸ਼ ਨੂੰ ਇਨ੍ਹਾਂ ਤੇ ਅੰਕੁਸ਼ ਲਗਾਉਣਾ ਚਾਹੀਦਾ ਹੈ ।ਉੱਥੇ ਹੀ ਸਰਕਾਰਾਂ ਦੀ ਵੀ ਇਮਾਨਦਾਰੀ ਨਾਲ਼ ਇਨ੍ਹਾਂ ਪ੍ਰੋਡਕਟਸ ਦੀ ਗੁਣਵੱਤਾ ਵਧਾਉਣ ਦੀ ਵੀ ਜਿੰਮੇਵਾਰੀ ਬਣਦੀ ਹੈ ।ਮੈਂ ਫ਼ੂਡ compiaes ਦੇ ਖਿਲਾਫ ਕਦੇ ਵੀ ਨਹੀਂ ਹਾਂ , ਬੱਸ ਖਾਣੇ ਦੀ ਗੁਣਵਤਾ ਦਾ ਸਿਹਤ ਦੇ ਮਿਆਰ ਅਨੁਸਾਰ ਹੋਣਾ ਚਾਹੀਦਾ ਹੈ।

ਇੱਕ ਹੋਰ ਵੱਡਾ ਦੋਸ਼ ਅੱਜਕਲ ਦੇ ਬਹੁਤ ਸਾਰੇ ਮਾਤਾ ਪਿਤਾ ਵਿੱਚ ਵੀ ਦੇਖਣ ਨੂੰ ਮਿਲਿਆ ਹੈ ਕਿ ਪਿਛਲੇ ਸਮਿਆਂ ਦੀ ਤਰ੍ਹਾਂ ਮਾਤਾਵਾਂ ਘਰ ਵਿੱਚ ਖਾਣਾ,ਉਸ ਸ਼ਿੱਦਤ ਨਾਲ਼ ਬਣਾ ਕੇ ਰਾਜੀ ਨਹੀਂ, ਜਿਵੇਂ ਕਿ ਪਹਿਲਾਂ ਤਰ੍ਹਾਂ ਤਰ੍ਹਾਂ ਦੀ ਸਮੂਦੀ, ਵੈਜ ਪਾਸਤਾ, ਵੈਜ ਨੂਡਲਸ ਸੰਤੁਲਿਤ ਕੁਲਚੇ, ਭਠੂਰੇ,ਤਰ੍ਹਾਂ ਤਰ੍ਹਾਂ ਦੀਆਂ ਸਵੀਟਸ, ਤੇ ਇੱਕ ਹੀ ਸਮੱਗਰੀ ਤੋਂ ਵੱਖੋ ਵੱਖਰੇ ਪਕਵਾਨ ਬਣਾ ਕੇ ਸਾਰੇ ਪਰਿਵਾਰ ਦੀ ਘਰ ਦੇ ਭੋਜਨ ਵਿੱਚ ਰੁਚੀ ਬਣਾਈ ਰੱਖੀ ਜਾਂਦੀ ਸੀ।ਅਜਕਲ ਦੀ ਤ੍ਰਾਸਦੀ ਹੈ ਕਿ ਫੋਨ ਨੇ ਸਾਡੀ ਜਿੰਦਗੀ ਦਾ ਬਹੁਤ ਵੱਡਾ ਹਿੱਸਾ ਖੋਹ ਲਿਆ ਹੈ, ਜਿਸਨੂੰ ਵਰਤਕੇ ਗਰਹਣੀਆ ਜੀਵਨ ਸੁਖਾਵਾਂ ਤੇ ਬੱਚਿਆਂ ਸਮੇਤ ਪੂਰੇ ਪਰਿਵਾਰ ਨੂੰ ਸੰਤੁਲਿਤ ਆਹਾਰ ਦੇ ਸਕਦੀਆਂ ਹਨ।

* ਅਗਲਾ ਕਾਰਨ ਪੈਸੇ ਦੇ ਪ੍ਰਵਾਹ ਦਾ ਵਧਣ ਦੇ ਨਾਲ਼ ਨਾਲ ਪੱਛਮੀ ਦੇਸ਼ਾਂ ਦੀ ਨਕਲ ਦਾ ਸਾਡੇ ਸਮਾਜ ਤੇ ਭਾਰੂ ਹੋਣਾ. ਅੱਜਕਲ ਦੀ ਪੀੜ੍ਹੀ ਅਜਿਹੇ ਕਚਰੇ ਤੁਲ ਭੋਜਨ ਨੂੰ ਵਰਤਣਾ moderan ਅਖਵਾਉਣਾ ਸਮਝਦੀ ਹੈ। ਜਦ ਕਿ ਇਹ ਜੰਕ (ਫਾਲਤੂ ) ਖਾਣੇ ਦੀ ਸ਼੍ਰੇਣੀ ਵਿੱਚ ਆਉਂਦਾ ਹੈ, ਜਿਸਦਾ ਅਸਲੀ ਮਤਲਬ ਹੈ ਉਹ ਬਚਿਆ ਖੁਚਿਆ ਭੋਜਨ ਜੋ ਕੂੜੇਦਾਨ ਵਿੱਚ ਸੁਟਿਆ ਜਾਂਦਾ ਹੈ, ਜਿਸਨੂੰ ਬਾਅਦ ਵਿੱਚ ਕੁਤੇ ਆਦਿ ਖਾਂਦੇ ਹਨ।ਮਾਫ ਕਰਨਾ! ਇਹ ਸੱਚਾਈ ਹੈ, ਤੇ ਆਪ ਜ਼ੀ ਕਿਹੜਾ ਭੋਜਨ ਖਾ ਰਹੇ ਹੋ? ਜਰਾ ਚਿੰਤਨ ਕਰਕੇ ਦੇਖੋ!!!!

* ਹੁਣ ਮੈਂ ਅਜਿਹੀਆਂ ਕੌੜੀਆਂ ਤੇ ਘਾਤਕ ਸੱਚਾਈਆਂ ਦਾ ਵਰਨਣ ਕਾਰਨ ਜਾ ਰਹੀ ਹਾਂ, ਜਿਸ ਨਾਲ਼ ਅਸੀਂ ਆਪਣੀ ਸ਼ਰੀਰਕ ਤੇ ਮਾਨਸਿਕ ਤੰਦਰੁਸਤੀ ਦਾ ਘਾਣ ਹੀ ਨਹੀਂ ਕਰਦੇ, ਸਗੋਂ ਆਰਥਿਕਤਾ ਦਾ ਵੀ ਬੇੜਾ ਗਰਕ ਕਰਦੇ ਹਾਂ।

* ਸਭ ਤੋਂ ਪਹਿਲਾਂ ਤਾਂ ਬਾਹਰਲੇ ਬਣੇ ਖਾਣੇ ਦੀ ਸਫਾਈ ਦੀ ਕ਼ੋਈ ਗਾਰੰਟੀ ਨਹੀਂ ਹੁੰਦੀ ਕੁਝ ਦੇਸ਼ਾਂ ਵਿੱਚ ਵੱਡੇ ਫ਼ੂਡ ਕੋਰਟਸ ਵਿੱਚ ਸੁਨਣ ਵਿੱਚ ਆਉਂਦਾ ਹੈ ਕਿ ਆਟਾ ਹੱਥਾਂ ਦੀ ਬਜਾਏ ਪੈਰਾਂ ਨਾਲ਼ ਗੁੰਨਿਆ ਜਾਂਦਾ ਹੈ।ਗੋਲਗੱਪਿਆਂ ਦੀ ਕਾਂਜੀ ਬਿਨਾਂ ਹੱਥ ਧੋਤਿਆਂ ਗੰਦੇ ਨੌਹਾਂ ਨਾਲ਼ ਹੀ ਤਿਆਰ ਕਰ ਦਿੱਤੀ ਜਾਂਦੀ ਹੈ।ਬਹੁਤ ਸਾਰੀਆਂ ਵਸਤਾਂ ਨੰਗੇ ਹੱਥਾਂ ਨਾਲ਼ ਹੀ ਤਿਆਰ ਕਰ ਦਿੱਤੀਆਂ ਜਾਂਦੀਆਂ ਹਨ, ਕਈ ਵਾਰੀ ਪਾਣੀ ਜਾਂ ਨੈਪਕਿਨ ਆਦਿ ਨੇੜੇ ਨਾ ਹੋਣਕਾਰਨ ਛਿੱਕ ਆਦਿ ਸਾਫ ਕਰਨ ਤੋਂ ਬਾਅਦ ਹੱਥ ਕੱਪੜਿਆਂ ਨਾਲ਼ ਪੂੰਝ ਕੇ ਹੀ ਕੰਮ ਤੇ ਲੱਗ ਜਾਇਆ ਜਾਂਦਾ ਹੈ ।

ਇਸ ਤੋਂ ਵੀ ਅੱਗੇ ਜਿਥੇ ਦੇਸੀ ਫਲੱਸ਼ਾਂ ਹਨ, ਉਥੇ, ਮਲ ਹੱਥਾਂ ਦੇ ਇਸਤੇਮਾਲ ਨਾਲ਼ ਧੋਣ ਤੋਂ ਬਾਅਦ ਹੱਥ ਸਾਬਣ ਆਦਿ ਨਾ ਹੋਣ ਕਾਰਨ, ਸਾਦੇ ਪਾਣੀ ਨਾਲ਼ ਧੋ ਕੇ, ਜਾਂ ਫ਼ਿਰ ਉਂਜ ਹੀ ਮਿੱਟੀ ਆਦਿ ਨਾਲ਼ ਪੂੰਝ ਕੇ ਕੰਮ ਤੇ ਲੱਗ ਜਾਇਆ ਜਾਂਦਾ ਹੈ ਲ ਇੰਨਾ ਹੀ ਨਹੀਂ ਪਾਨ, ਸੁਪਾਰੀ ਜਾਂ ਜਰਦਾ ਆਦਿ ਖਾ ਕੇ ਖਾਣੇ ਦੇ ਬਰਤਨ ਕੋਲ ਗੱਲ ਕਰਨ ਵੇਲੇ ਵੀ ਮੂੰਹ ਵਿੱਚੋਂ ਕੁਝ ਕਣ ਭੋਜਨ ਪਦਾਰਥ ਵਿੱਚ ਪੈ ਜਾਂਦੇ ਹਨ ਲ ਇਹੀ ਦੂਸ਼ਿਤ ਪਰ ਸਵਾਦਲੀਆਂ ਚੀਜਾਂ ਦੇਖਣ ਨੂੰ ਲੁਭਾਉਣੀਆਂ ਤੇ ਸਾਫ ਸੁਥਰੀਆਂ ਲੱਗਦੀਆਂ ਹਨ ਪਰ ਪੇਟ ਵਿੱਚ ਜਾ ਕੇ ਇਹੀ ਕੀਟਾਣੂ ਭਿਆਨਕ ਰੋਗ, ਜਿਵੇਂ ਫ਼ੂਡ ਪੌਸੋਨਿਨਗ (ਉਲਟੀਆਂ ਤੇ ਦਸਤ ), typhiode, ਪੀਲੀਆ ਤੇ ਆਂਦਰਾਂ ਦੇ ਹੋਰ ਕਈ ਭਿਆਨਕ ਰੋਗਾਂ ਦਾ ਰੂਪ ਲੈ ਲੈਂਦੇ ਹਨ।ਦੱਸਣਾ ਚਾਹੁੰਦੀ ਹਾਂ,ਇਨ੍ਹਾਂ ਵਿੱਚੋਂ ਕਈ ਤਾਂ ਜਾਨ ਲੇਵਾ ਸਾਬਿਤ ਹੁੰਦੇ ਹਨ।ਇਸਤੋਂ ਉਲਟ ਘਰ ਵਿੱਚ ਖਾਣਾ ਤਿਆਰ ਕਾਰਨ ਲੱਗਿਆਂ ਸਮੱਗਰੀ, ਬਰਤਨ, ਖਾਣਾ ਬਣਾਉਣ ਦੀ ਥਾਂ ਦੇ ਨਾਲ਼ ਨਾਲ਼, ਸ਼ਰੀਰਕ ਤੇ ਹੱਥਾਂ ਦੀ ਸਫਾਈ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ।ਥੋੜੀ ਜਿਹੀ ਵਾਧੂ ਮਿਹਨਤ ਨਾਲ਼ ਅਸੀਂ ਘਟ ਤੇਲ ਤੇ ਮਸਾਲਿਆਂ ਨਾਲ਼ ਵੀ ਭਰਪੂਰ ਸਵਾਦੀ ਤੇ ਪੌਸ਼ਟਿਕ ਖਾਣਾ ਬਣਾ ਸਕਦੇ ਹਾਂ ।

* ਹੁਣ ਅਜਿਹੇ ਭੋਜਨ ਪਦਾਰਥਾਂ ਨਾਲ਼ ਹੋਣ ਵਾਲੇ ਸ਼ਰੀਰਕ ਤੇ ਮਾਨਸਿਕ ਰੋਗਾਂ ਤੇ ਹੋਰ ਮੁਸ਼ਕਿਲਾਂ ਤੇ ਚਾਨਣਾ ਪਾਉਂਦੇ ਹਾਂ ।ਜਿਨਾਂ ਜੰਕ ਫ਼ੂਡਜ ਦੀ ਗੱਲ ਕਰਨ ਲੱਗੀ ਹਾਂ ਉਹਨਾਂ ਦੀ ਆਮ ਤੌਰ ਤੇ ਪੋਸ਼ਟਿਕਤਾ ਵੱਲ ਬਿਲਕੁੱਲ ਵੀ ਧਿਆਨ ਨਾ ਦੇ ਕੇ ਕੇਵਲ ਸਵਾਦ ਦੀ ਖਿੱਚ ਵੱਲ ਧਿਆਨ ਦਿੱਤਾ ਜਾਂਦਾ ਹੈ। ਇਨ੍ਹਾਂ ਨੂੰ ਸਵਾਦਿਸ਼ਟ ਬਣਾਉਣ ਲਈ ਖੁੱਲੀ ਮਾਤਰਾ ਵਿੱਚ ਤੇਲ ਤੇ ਕਰੀਮਾਂ ਦੀ ਬੇਤਹਾਸ਼ਾ ਵਰਤੋਂ ਕੀਤੀ ਜਾਂਦੀ ਹੈ।ਇਹਨਾਂ ਵਿੱਚੋਂ ਬਹੁਤ ਕੁਝ ਤਲਣ ਲੱਗਿਆਂ ਵੀ ਸੰਕੋਚ ਨਹੀਂ ਕੀਤਾ ਜਾਂਦਾ, ਭਾਵ ਇਸ ਖਾਣੇ ਨੂੰ ਵੱਧ ਤੋਂ ਵੱਧ ਸਿਹਤ ਲਈ ਹਾਨੀਕਾਰਕ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ ।

* ਅਜਿਹੇ ਫਾਸਟ ਫ਼ੂਡਸ ਪਹਿਲਾਂ ਤਾਂ ਸ਼ਰੀਰਕ ਚਰਬੀ ਵਧਾ ਕੇ, ਮੋਟਾਪੇ ਦਾ ਕਾਰਨ ਬਣਦੇ ਹਨ।ਇਹੀ ਮੋਟਾਪਾ 70 ਤੋਂ 80% ਬਿਮਾਰੀਆਂ ਦੀ ਜੜ੍ਹ ਬਣਦਾ ਹੈ ।ਇਨ੍ਹਾਂ ਵਿੱਚ ਚਿਹਰੇ ਦੀਆਂ ਫਿੰਸੀਆਂ ਤੋਂ ਲੈ ਕੇ ਖ਼ੂਨ ਵਾਲੀਆਂ ਨਾੜੀਆਂ ਦਾ ਤੰਗ ਹੋ ਜਾਣਾ ਜਾਂ ਪੂਰੇ ਤੌਰ ਤੇ ਬਲੌਕ ਹੋ ਕੇ heart ਅਟੈਕ ਦਾ ਕਾਰਨ ਬਣਨਾ, ਬਲੱਡ pressure ਦਾ ਵੱਧਣਾ, idabeites ਦਾ ਰੋਗ ਹੋ ਜਾਣਾ ਲ ਇਸ ਦੇ ਨਾਲ਼ ਨਾਲ਼ ਕੈਂਸਰ ਜਿਹੀ ਲਾਇਲਾਜ਼ ਤੇ ਜਾਨਲੇਵਾ ਬਿਮਾਰੀ ਦਾ ਮੋਟਾਪੇ ਕਾਰਨ ਪਨਪਣਾ ਇਨ੍ਹਾਂ ਖਾਣਿਆਂ ਵਿਚਲੇ ਤੇਲ ਤੇ ਘਿਉ ਲਿਵਰ ਦੀਆਂ ਬਿਮਾਰੀਆਂ ਖਾਸਕਰ fatty ਲਿਵਰ, ਕਿਡਨੀ ਦੀਆਂ ਬਿਮਾਰੀਆਂ ਤੇ ਅਨੇਕਾਂ ਛੋਟੇ ਵੱਡੇ ਵਿਕਾਰਾਂ ਨੂੰ ਜਨਮ ਦਿੰਦੀਆਂ ਹਨ।ਜ਼ਿਕ੍ਰਜੋਗ ਹੈ ਕਿ ਅੱਜ ਦੇ ਦੌਰ ਵਿੱਚ heart ਅਟੈਕ ਜਿਹੀਆਂ ਆਲਮਤਾਂ ਬੱਚਿਆਂ ਵਿੱਚ ਵੀ ਬਹੁਤ ਤੇਜੀ ਨਾਲ਼ ਵੱਧ ਰਹੀਆਂ ਹਨ।

* ਇਸਤੋਂ ਇਲਾਵਾ ਜਿਆਦਾ ਤਲਿਆ, ਤੇ ਪੋਸ਼ਟਿਕਤਾ ਰਹਿਤ ਭੋਜਨ ਬੱਚਿਆਂ ਵਿੱਚ ਚਿੜਚਿੜਾ ਪਨ, ਯਾਦਾਸ਼ਤ ਵਿੱਚ ਕਮੀ, ਗੁੱਸਾ,ਮਨ ਦੀ ਅਸ਼ਾਂਤੀ ਤੇ ਹੋਰ ਬਹੁਤ ਸਾਰੇ ਨਕਾਰਾਤਮਿਕ ਵਿਚਾਰਾਂ ਨੂੰ ਜਨਮ ਦਿੰਦਾ ਹੈ ।

**ਨਵੀਂ ਪੀੜ੍ਹੀ ਵਿੱਚ ਫਾਸਟ ਫ਼ੂਡਜ ਵੱਲ ਵਧਦੇ ਰੁਝਾਨ ਨੂੰ ਕਿਵੇਂ ਘਾਟਾਇਆ ਜਾਵੇ :-**

ਜਿਵੇਂ ਕਿ ਇੰਗਲਿਸ਼ ਵਿੱਚ ਕਿਹਾ ਜਾਂਦਾ ਹੈ, " cyirtl ibigns at home ", ਓਵੇਂ ਹੀ ਇਸ ਬਿਮਾਰੀ ਦੇ ਘਰ "ਜੰਕ ਫ਼ੂਡਸ " ਨੂੰ ਰੋਜਾਨਾ ਦੀ ਜਿੰਦਗੀ ਤੋਂ ਦੂਰ ਰੱਖਣ ਲਈ ਘਰ ਦਿਆਂ ਨੂੰ ਹੀ ਸ਼ੁਰੂਆਤ ਕਰਨੀ ਪੈਣੀ ਹੈ।ਬੇਸ਼ੱਕ, ਕਿਸੇ ਵੀ ਪੱਕ ਚੁੱਕੀ ਆਦਤ ਨੂੰ ਛੁਡਾਉਣਾ ਉਨ੍ਹਾਂ ਹੀ ਮੁਸ਼ਕਿਲ ਹੈ, ਜਿਨ੍ਹਾਂ ਕਿਸੇ ਅਮਲੀ ਦੇ ਅਮਲ ਨੂੰ। ਪਰ ਉੱਪਰ ਦੱਸੀਆਂ ਘਾਤਕ ਬਿਮਾਰੀਆਂ ਤੋਂ ਬਚਾਉਣ ਲਈ ਆਪਣੇ ਦਿਲ ਦੇ ਟੁੱਕੜਿਆਂ ਅਤੇ ਆਪ ਨੂੰ ਕਸ਼ਟ ਤਾਂ ਸਹਿਣਾ ਹੀ ਪੈਣਾ ਹੈ।ਇਸ ਵਿੱਚ ਮਾਪਿਆਂ ਦੇ ਨਾਲ਼ ਨਾਲ਼ ਬੱਚਿਆਂ ਨੂੰ ਖੁਦ ਚੰਗੇ ਤੇ ਮਾੜੇ ਦੀ ਪਰਖ ਕਰਕੇ, ਆਪਣੇ ਆਪ ਨੂੰ ਮਾਨਸਿਕ ਤੌਰ ਤੇ ਤਾਕਤਵਾਰ ਬਣਾਉਣਾ ਪੈਣਾ ਅਤੇ ਬਾਰ ਬਾਰ ਆਪਣੇ ਮਨ ਨੂੰ ਕਹਿਣਾ ਪੈਣਾ, ਕਿ ਇਹ ਭੋਜਨ ਮੇਰੇ ਸ਼ਰੀਰ ਲਈ ਨੁਕਸਾਨਦੇਹ ਹੈ ਤੇ ਮੈਂ ਇਸਨੂੰ ਆਪਣੀ ਰੋਜਾਨਾ ਜੀਵਨ ਦਾ ਹਿੱਸਾ ਨਾ ਬਣਾ ਕੇ, ਘਰ ਦਾ ਬਣਿਆ ਸਾਫ ਸੁਥਰਾ, ਪੋਸ਼ਟਿਕ,, ਤਾਜਾ ਤੇ ਸੰਤੁਲਿਤ ਖਾਣਾ ਹੀ ਖਾਣਾ ਹੈ।ਅਜਿਹੇ ਭੋਜਨ ਨੂੰ ਕਦੇ ਕਦਾਈਂ ਫੰਕਸ਼ਨ, ਪਾਰਟੀਆਂ ਤੱਕ ਹੀ ਸੀਮਿਤ ਰੱਖਣਾ ਹੈ। ਇਸਦੇ ਨਾਲ਼ ਹੀ ਮੈਂ ਕਦੇ ਵੀ ਕਿਸੇ ਦੀ ਨਕਲ ਜਾਂ ਉਕਸਾਵੇ ਵਿੱਚ ਆ ਕਿ ਇਨ੍ਹਾਂ ਦਾ ਇਸਤੇਮਾਲ ਨਹੀਂ ਕਰਾਂਗਾ ।

* ਇਸਦੇ ਨਾਲ਼ ਹੀ ਅਧਿਆਪਕਾਵਾਂ ਦੀ ਵੀ ਜਿੰਮੇਵਾਰੀ ਬਣਦੀ ਹੈ ਕੇ ਵਿਦਿਆਰਥੀਆਂ ਨੂੰ ਤਰਕ ਤੇ ਤੱਤ ਤੇ ਤਰਕ ਸੰਗਤ ਸਿੱਖਿਆ ਦੇ ਕੇ ਸਹੀ ਰਸਤੇ ਲਈ ਪ੍ਰੇਰਨ।

* ਆਖਿਰ ਵਿੱਚ ਮੈਂ ਆਪਣੇ ਤਜਰਬੇ ਤਹਿਤ, ਮਾਪਿਆਂ ਨੂੰ ਇੱਕ ਕੌੜੀ ਸੱਚਾਈ ਨਾਲ਼ ਵੀ ਜਾਣੂ ਕਰਾਉਣਾ ਚਾਹੁੰਦੀ ਹਾਂ। ਹਰ ਉਹ ਮਾਪੇ ਜੋ ਸਿਆਨੇ ਹੋਣਗੇ ਗੁੱਸਾ ਕੀਤੇ ਬਗੈਰ, ਇਨ੍ਹਾਂ ਗੱਲਾਂ ਤੇ ਅਮਲ ਕਰਨਗੇ।ਅਸੀਂ ਸਮਾਜਿਕ ਜੀਵ ਹਾਂ। ਆਪਣੇ ਬੱਚੇ ਆਪਣੀ ਜਾਨ ਤੋਂ ਵੱਧ ਪਿਆਰੇ ਹਨ।ਸਾਡੇ ਵਿੱਚੋਂ ਬਹੁਤਿਆਂ ਨੂੰ ਧੀਆਂ ਪੁੱਤਾਂ ਦੀ ਇਹ ਦਾਤ ਬੜੀਆਂ ਅੱਡੀਆਂ ਘਸਾ ਕੇ ਤੇ ਦਰ ਦਰ ਤੇ ਮੱਥੇ ਰਗੜ੍ਹ ਕੇ ਮਿਲੀ ਹੋਵੇਗੀ।ਇਸ ਲਈ ਉਨ੍ਹਾਂ ਦੀ ਜਿੰਦਗੀ ਨੂੰ ਸੇਧ ਦੇਣ ਸਦਕਾ ਕਦੇ ਕਦੇ ਸਖ਼ਤ ਵਿਹਾਰ ਕਰਨਾ ਵੀ ਜਰੂਰੀ ਹੋ ਜਾਂਦਾ ਹੈ।ਹਰ ਵਾਰ ਤੇ ਹਰ ਇੱਕ ਇੱਛਾ ਪੂਰੀ ਕਰਨ ਨਾਲ਼ ਵੀ ਅਸੀਂ ਕਿਤੇ ਨਾ ਕਿਤੇ ਉਹਨਾਂ ਨੂੰ ਬਰਬਾਦ ਕਰ ਰਹੇ ਹੁੰਦੇ ਹਾਂ। ਬੱਚਿਆਂ ਨੂੰ ਕੁਝ ਚੀਜਾਂ ਆਪਣੇ ਆਪ ਤੇ ਛੱਡ ਕੇ ਉਹਨਾਂ ਨੂੰ ਮਜਬੂਤ ਵੀ ਬਣਨ ਦੇਣਾ ਚਾਹੀਦਾ ਹੈ।ਕਦੇ ਕਦੇ ਅਜਿਹਾ ਕਰਕੇ ਅਸੀਂ ਬੱਚੇ ਨੂੰ ਕਮਜ਼ੋਰ ਦੀ ਥਾਂ ਤਾਕਰਵਰ ਬਣਾ ਰਹੇ ਹੁੰਦੇ ਹਾਂ, ਨਾ ਕਿ ਉਹਨਾਂ ਦੀਆਂ ਇੱਛਾਵਾਂ ਮਾਰ ਰਹੇ ਹੁੰਦੇ ਹਾਂ।

ਨਰੇਸ਼ ਕੁਮਾਰੀ ਸ਼ਰਮਾ
+02041755894



# ਦਲੀਪ ਸਿੰਘ ਦੀਪ

ਦਲੀਪ ਸਿੰਘ ਦੀਪ ਪਚਾਸੀਆਂ ਨੂੰ ਢੁੱਕਿਆ ਉਹ ਸ਼ਖ਼ਸ ਹੈ, ਜਿਸ ਦੀ ਪਛਾਣ ਕਿਸੇ ਵੇਲੇ ਮਹਾਨ ਗਾਇਕ ਵਜੋਂ ਹੋਇਆ ਕਰਦੀ ਸੀ। ਉਸ ਦੇ ਗੀਤਾਂ ’ਚੋਂ ਰਸ ਚੋਇਆ ਕਰਦਾ ਸੀ, ਲੋਕ ਉਸ ਦੀ ਗਾਇਕੀ ਦੇ ਦੀਵਾਨੇ ਸਨ, ਉਸ ਦੇ ਹਰ ਰਿਕਾਰਡ ’ਤੇ ਸਫ਼ਲਤਾ ਦੀ ਮੋਹਰ ਲੱਗਦੀ ਸੀ ਅਤੇ ਗਾਇਕੀ ਦੇ ਨਾਲ-ਨਾਲ ਉਸ ਦੀ ਗੀਤ ਬੁਣਤਰ ਦੀ ਵੀ ਕਦਰ ਕੀਤੀ ਜਾਂਦੀ ਸੀ। ਦਲੀਪ ਸਿੰਘ ਦੀਪ ਨੇ ਜਿੰਨਾ ਗਾਇਆ, ਚੰਗਾ ਗਾਇਆ। ਉਨ੍ਹਾਂ ਵੇਲਿਆਂ ਵਿੱਚ ਜਦੋਂ ਕਈ ਗਾਇਕਾਂ ਨੂੰ ਕੰਪਨੀ ਵਾਲੇ ਕਹਿ-ਕਹਿ ਕੇ ਦੋ ਅਰਥੇ ਗੀਤ ਗਾਉਣ ਲਈ ਮਜਬੂਰ ਕਰਦੇ ਸਨ, ਉਦੋਂ ਵੀ ਦੀਪ ਨੇ ਸਵੱਛਤਾ ਦਾ ‘ਦੀਪ’ ਬੁਝਣ ਨਾ ਦਿੱਤਾ।

ਦਲੀਪ ਸਿੰਘ ਦੀਪ ਜ਼ਿੰਦਗੀ ਦੇ ਸਾਢੇ ਅੱਠ ਦਹਾਕੇ ਹੰਢਾ ਚੁੱਕਾ ਹੈ। ਕਿਸੇ ਵੇਲ਼ੇ ਉਸ ਦਾ ਉੱਚਾ-ਲੰਮਾ ਕੱਦ ਖਿੱਚ ਪਾਊ ਹੁੰਦਾ ਸੀ, ਉਸ ਦਾ ਗਠਿਆ ਸਰੀਰ ਕਈਆਂ ਨੂੰ ਮੋਹਿਤ ਕਰ ਲੈਂਦਾ ਸੀ ਪਰ ਹੁਣ ਵਕਤ ਦੀ ਬਾਜ਼ੀ ਪੁੱਠੀ ਪੈ ਚੁੱਕੀ ਹੈ। ਅੱਜ ਦੀਪ ਦੇ ਗੋਡਿਆਂ, ਗਿੱਟਿਆਂ, ਮੋਢਿਆਂ ਅਤੇ ਹੋਰ ਜੋੜਾਂ ਵਿੱਚ ਜਾਨ ਘਟ ਚੁੱਕੀ ਹੈ। ਉਸ ਦੇ ਸਿਰ ਅਤੇ ਦਾੜ੍ਹੀ ਦੇ ਚਿੱਟੇ ਵਾਲ ਗਵਾਹੀ ਭਰ ਦਿੰਦੇ ਨੇ ਕਿ ਉਸ ਕੋਲ ਗਾਇਕੀ ਦਾ ਮਣਾਂ-ਮੂੰਹੀਂ ਤਜਰਬਾ ਹੈ, ਇਹ ਵਾਲ਼ ਉਸ ਨੇ ਧੁੱਪ ’ਚ ਬੈਠ ਕੇ ਚਿੱਟੇ ਨਹੀਂ ਕੀਤੇ।

ਖ਼ੁਸ਼ੀ ਦੀ ਗੱਲ ਇਹ ਹੈ ਕਿ ਦਲੀਪ ਸਿੰਘ ਦੀਪ ਨੇ ਪੰਜਾਬੀ ਗਾਇਕੀ ਵਿੱਚ ਆਪਣਾ ਬਣਦਾ-ਸਰਦਾ ਯੋਗਦਾਨ ਪਾਇਆ, ਪਰ ਦੁੱਖ ਦੀ ਗੱਲ ਇਹ ਹੈ ਕਿ ਉਮਰ ਦੇ ਇਸ ਪੜਾਅ ’ਤੇ ਉਹ ਆਪਣੇ ਪੋਤਰੇ ਬਲਵੀਰ ਸਿੰਘ ਹੰਸਪਾਲ ਨਾਲ ਇੱਕ ਨਿੱਕੇ ਜਿਹੇ ਘਰ ਵਿੱਚ ਰਹਿੰਦਾ ਹੈ, ਜਿਹੜਾ ਏਨਾ ਭੀੜਾ ਤੇ ਹਨੇਰ ਭਰਿਆ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਸੂਰਜ ਦੀ ਟਿੱਕੀ ਨੇ ਉਨ੍ਹਾਂ ਦੇ ਘਰ ਅੰਦਰ ਪ੍ਰਵੇਸ਼ ਕਰਕੇ ਨਹੀਂ ਦੇਖਿਆ। ਦਲੀਪ ਸਿੰਘ ਦੀਪ ਦਾ ਇਕਲੌਤਾ ਪੁੱਤ ਉਸ ਨਾਲ ਨਹੀਂ ਰਹਿੰਦਾ, ਸਗੋਂ ਲੰਮੇ ਸਮੇਂ ਤੋਂ ਪਿਓ-ਪੁੱਤ ਦਾ ਵਿਵਾਦ ਚੱਲ ਰਿਹਾ ਹੈ।

ਦਲੀਪ ਸਿੰਘ ਨੂੰ ਆਪਣੇ ਗਾਏ ਗੀਤਾਂ ਦਾ ਬਹੁਤਾ ਚੇਤਾ ਨਹੀਂ। ਬੇਹੱਦ ਮਕਬੂਲ ਰਹੇ ਪੰਜ-ਸੱਤ ਗੀਤਾਂ ਦੇ ਨਾਂ ਤਾਂ ਉਹ ਦੱਸ ਦਿੰਦਾ ਹੈ ਪਰ ਜਦੋਂ ਉਸ ਨੂੰ ਆਖੀਦਾ ਹੈ, ‘ਤੁਸੀਂ ਤਾਂ ਕਹਿੰਦੇ ਹੋ ਕਿ ਮੇਰੇ ਚਾਲੀ-ਪੰਤਾਲੀ ਰਿਕਾਰਡ ਮਾਰਕੀਟ ਵਿੱਚ ਆਏ ਸਨ ਤਾਂ ਬਾਕੀਆਂ ਦੇ ਨਾਂ ਵੀ ਦੱਸੋ।’ ਉਹ ਬੇਵੱਸੀ ਜ਼ਾਹਰ ਕਰਦਾ ਆਖਦਾ ਹੈ, ‘ਗੀਤਾਂ ਦੇ ਬੋਲ ਮੇਰੇ ਚੇਤੇ ’ਚੋਂ ਕਿਰ ਗਏ ਨੇ, ਮੇਰੀਆਂ ਗੀਤਾਂ ਦੀਆਂ ਚਾਰ ਕਿਤਾਬਾਂ ਛਪੀਆਂ ਨੇ, ਇਨ੍ਹਾਂ ਵਿੱਚ ਮੇਰੇ ਗਾਏ ਸਾਰੇ ਗੀਤ ਦਰਜ ਨੇ, ਦੇਖ ਲਓ ਤੁਸੀਂ।’

ਦਲੀਪ ਸਿੰਘ ਦੀਪ ਨੇ 1924 ਦੀ 24 ਅਗਸਤ ਨੂੰ ਪਿਤਾ ਲਾਭ ਸਿੰਘ ਹੰਸਪਾਲ ਅਤੇ ਮਾਤਾ ਕ੍ਰਿਸ਼ਨ ਕੌਰ ਦੇ ਘਰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਵੜੈਚ ਵਿੱਚ ਅੱਖਾਂ ਖੋਲ੍ਹੀਆਂ। ਪਿਤਾ ਜੀ ਲਾਹੌਰ ਵਿੱਚ ਬਾਇਲਰ ਇੰਸਪੈਕਟਰ ਵਜੋਂ ਨੌਕਰੀ ਕਰਦੇ ਸਨ, ਇਸ ਲਈ ਦਲੀਪ ਨੇ ਮੁੱਢਲੀ ਵਿੱਦਿਆ ਲਾਹੌਰ ਦੇ ਇੱਕ ਐਮ. ਬੀ. ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਪਰਿਵਾਰ ਦਾ ਗਾਇਕੀ ਨਾਲ ਦੂਰ ਦਾ ਵਾਸਤਾ ਨਹੀਂ ਸੀ ਪਰ ਪਤਾ ਨਹੀਂ ਕਿਵੇਂ ਦਲੀਪ ਨੂੰ ਸੁਰਤ ਸੰਭਾਲਦਿਆਂ ਸਾਰ ਗਾਉਣ ਤੇ ਲਿਖਣ ਦੀ ਚੇਟਕ ਲੱਗ ਗਈ। ਪਹਿਲਾਂ ਉਹ ਸਿਰਫ਼ ਗਾਉਂਦਾ ਸੀ ਪਰ ਫੇਰ ਉਸ ਨੂੰ ਲਿਖਣ ਦਾ ਵੀ ਭੁਸ ਪੈ ਗਿਆ ਅਤੇ ਉਸ ਨੇ ਨੰਦ ਲਾਲ ਨੂਰਪੁਰੀ ਨੂੰ ਮਾਰਗ ਦਰਸ਼ਕ ਮੰਨਣਾ ਸ਼ੁਰੂ ਕਰ ਦਿੱਤਾ।

ਦਲੀਪ ਸਿੰਘ ਨੇ ‘ਦੀਪ’ ਤਖ਼ੱਲਸ ਪੂਰੀ ਤਰ੍ਹਾਂ ਸੋਚ-ਸਮਝ ਕੇ ਰੱਖਿਆ ਤਾਂ ਜੋ ਇਸੇ ਤੋਂ ਉਸ ਦੀ ਗਾਇਕੀ ਅਤੇ ਲੇਖਣੀ ਦੇ ਚਾਨਣ ਬਾਰੇ ਪਤਾ ਲੱਗ ਸਕੇ। ਪਿਛਲਝਾਤ ਮਾਰਦਿਆਂ ਦਲੀਪ ਸਿੰਘ ਆਖਦਾ ਹੈ, ‘ਮੈਂ ਬੰਤਾ ਸਿੰਘ ਰੇਡੀਓ ਕਲਾਕਾਰ ਤੋਂ ਸੰਗੀਤ ਦੀ ਮੁੱਢਲੀ ਸਿੱਖਿਆ ਲਈ ਅਤੇ ਬਖਸ਼ੀ ਰਾਮ ਕੌਸ਼ਲ ਨਾਲ ਕਾਫੀ ਸਟੇਜਾਂ ਸਾਂਝੀਆਂ ਕੀਤੀਆਂ।’

ਵੰਡ ਤੋਂ ਬਾਅਦ ਪੂਰਾ ਪਰਿਵਾਰ ਲੁਧਿਆਣੇ ਆ ਕੇ ਰਹਿਣ ਲੱਗ ਗਿਆ ਅਤੇ ਇੱਥੇ ਰੋਜ਼ੀ ਚੱਲਦੀ ਰੱਖਣ ਲਈ ਉਨ੍ਹਾਂ ਡਰਿਲਿੰਗ ਦਾ ਕਾਰਖਾਨਾ ਲਗਾ ਲਿਆ। ਦਲੀਪ ਸਿੰਘ ਕਾਰਖਾਨੇ ਵਿੱਚ ਕੰਮ ਕਰਦਾ ਪਰ ਉਸ ਦਾ ਜ਼ਿਹਨ ਗੀਤਾਂ ਦੀ ਬੁਣਤੀ ਕਰਦਾ ਰਹਿੰਦਾ ਜਾਂ ਨਵੀਆਂ ਤਰਜ਼ਾਂ ਘੜਦਾ ਰਹਿੰਦਾ। ਲੁਧਿਆਣੇ ਰੈਣ ਬਸੇਰਾ ਹੋਣ ਕਰਕੇ ਛੋਟੇ-ਵੱਡੇ ਕਲਾਕਾਰਾਂ ਨਾਲ ਉਸ ਦੀ ਵਾਕਫ਼ੀਅਤ ਸ਼ੁਰੂ ਹੋ ਗਈ ਤੇ ਫੇਰ ਸੀਤਾ ਰਾਮ ਕਲਸੀ ਅਤੇ ਮਾਸਟਰ ਹਰਦੇਵ ਰਤਨ ਸੰਗੀਤ ਕਾਲਜ ਤੋਂ ਸੰਗੀਤ ਦਾ ਓ...ਅ...ਸਿੱਖਿਆ। ਕਲਾਸੀਕਲ ਸੰਗੀਤ ਦੀ ਵਾਕਫ਼ੀਅਤ ਲਈ ਦਲੀਪ ਸਿੰਘ ਨੇ ਮਾਸਟਰ ਰਤਨ ਹੈਦਰਾਬਾਦੀ ਦੀ ਸੰਗਤ ਕੀਤੀ।

1961 ਵਿੱਚ ਦਲੀਪ ਸਿੰਘ ਦੀਪ ਦਾ ਪਹਿਲਾ ਰਿਕਾਰਡ ‘ਐਚ.ਐਮ.ਵੀ’ ਵਿੱਚ ਆਇਆ ਅਤੇ ਇਸ ਰਿਕਾਰਡ ਦੀ ਕਹਾਣੀ ਵੀ ਅਜੀਬ ਹੈ। ਦਲੀਪ ਸਿੰਘ ਦੀ ਕੰਪਨੀ ਵਾਲਿਆਂ ਨਾਲ ਕੋਈ ਜਾਣ-ਪਛਾਣ ਨਹੀਂ ਸੀ। ਇੱਕ ਵਾਰ ਉਹ ਸਵਰਨ ਲਤਾ ਨਾਲ ਦਿੱਲੀ ਇੱਕ ਪ੍ਰੋਗਰਾਮ ’ਤੇ ਗਿਆ। ਸੀਨੀਅਰ ਕਲਾਕਾਰਾਂ ਵਜੋਂ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਵੀ ਹਾਜ਼ਰ ਸਨ। ਮੁੱਖ ਪ੍ਰੋਗਰਾਮ ਸੁਰਿੰਦਰ ਕੌਰ ਨੇ ਪੇਸ਼ ਕਰਨਾ ਸੀ। ਪ੍ਰੋਗਰਾਮ ਪ੍ਰਬੰਧਕ ਕੌੜੇ ਪਾਣੀ ਨਾਲ ਜ਼ਿਆਦਾ ਹੀ ਨਹਾ ਲਏ ਤੇ ਲੜਾਈ-ਝਗੜਾ ਹੋ ਗਿਆ। ਹੋਰ ਕਿਸੇ ਨੇ ਬਹੁਤਾ ਨਾ ਗਾਇਆ ਤੇ ਦਲੀਪ ਦੇ ਗਰੁੱਪ ਨੇ ਚੰਗਾ ਰੰਗ ਬੰਨ੍ਹ ਦਿੱਤਾ। ਸੁਰਿੰਦਰ ਕੌਰ ਨੇ ਦਲੀਪ ਸਿੰਘ ਨੂੰ ਰਾਇ ਦਿੱਤੀ ਕਿ ਤੁਸੀਂ ਦਿੱਲੀ ਤਾਂ ਆਏ ਹੀ ਹੋ, ‘ਐਚ. ਐਮ.ਵੀ’ ਜਾ ਕੇ ਆਪਣੀ ਅਵਾਜ਼ ਚੈੱਕ ਕਰਵਾ ਆਓ, ਜੇ ਉਨ੍ਹਾਂ ਨੂੰ ਠੀਕ ਲੱਗਾ ਤਾਂ ਤੁਹਾਡੀ ਰਿਕਾਰਡਿੰਗ ਕਰ ਲੈਣਗੇ। ਦਲੀਪ ਸਿੰਘ ਨੇ ਕੰਪਨੀ ਦਫ਼ਤਰ ਜਾ ਕੇ ਰਿਕਾਰਡਿਸਟ ਸੰਤ ਰਾਮ ਨੂੰ ਗੀਤ ਸੁਣਾਇਆ ਤਾਂ ਉਨ੍ਹਾਂ ਉਸ ਨੂੰ ਰਿਕਾਰਡਿੰਗ ਦੀ ਤਰੀਕ ਦੇ ਦਿੱਤੀ ਅਤੇ ਉਸ ਦਾ ਪਹਿਲਾ ਰਿਕਾਰਡ ਆ ਗਿਆ, ਜਿਸ ਵਿੱਚ ਦੋ ਗੀਤ ਸਨ। ਇਹ ਰਿਕਾਰਡ ਉਨ੍ਹਾਂ ਵੇਲਿਆਂ ’ਚ ਏਨਾ ਵਿਕਿਆ ਕਿ ਕੰਪਨੀ ਵਾਲਿਆਂ ਆਖਿਆ, ‘ਜੇ ਤੁਹਾਡੇ ਪੰਜ-ਛੇ ਰਿਕਾਰਡ ਏਨੀ ਵੱਡੀ ਗਿਣਤੀ ਵਿੱਚ ਵਿਕ ਜਾਣ ਤਾਂ ਤੁਹਾਨੂੰ ਤੋਹਫ਼ੇ ਵਜੋਂ ਸੋਨੇ ਦਾ ਰਿਕਾਰਡ ਮਿਲ ਸਕਦੈ।’



ਦਲੀਪ ਸਿੰਘ ਦਾ ਪਹਿਲਾ ਰਿਕਾਰਡ ਸੋਲੋ ਸੀ, ਜਿਸ ਵਿਚਲੇ ਦੋਵੇਂ ਗੀਤ ਉਸ ਨੇ ਖੁਦ ਹੀ ਲਿਖੇ ਸਨ। ਇਸ ਰਿਕਾਰਡ ਵਿੱਚ ‘ਕਿੱਥੇ ਚੱਲੀ ਏਂ ਸਰ੍ਹੋਂ ਦਾ ਫੁੱਲ ਬਣਕੇ, ਕੁੜੀਏ ਬਦਾਮੀ ਰੰਗੀਏ’ ਤੇ ‘ਗੋਰੇ ਰੰਗ ’ਤੇ ਦੁਪੱਟਾ ਕਿਹੜਾ ਸੱਜਦਾ ਕੁੜੀਆਂ ਨੂੰ ਪੁੱਛਦੀ ਫਿਰੇ’ ਗੀਤ ਦਰਜ ਸਨ। ਇਸ ਰਿਕਾਰਡ ਦੀ ਰਾਇਲਟੀ ਉਸ ਨੂੰ ਉਦੋਂ ਸੱਠ ਹਜ਼ਾਰ ਰੁਪਏ ਦੇ ਕਰੀਬ ਮਿਲੀ। ਉਸ ਤੋਂ ਬਾਅਦ ਦਲੀਪ ਸਿੰਘ ਦੀਪ ਦੀ ਲਗਾਤਾਰ ਰਿਕਾਰਡਿੰਗ ਸ਼ੁਰੂ ਹੋ ਗਈ। ਹਰ ਰੋਜ਼ ਪ੍ਰੋਗਰਾਮ, ਕਦੇ ਕਿਤੇ ਤੇ ਕਦੇ ਕਿਤੇ। ਉਨ੍ਹਾਂ ਦਿਨਾਂ ਵਿੱਚ ਸਵਰਨ ਲਤਾ ਡਾਂਸ ਕਰਦੀ ਹੁੰਦੀ ਸੀ ਤੇ ਦਲੀਪ ਸਿੰਘ ਦੀਪ ਨੇ ਉਸ ਨੂੰ ਆਪਣੇ ਨਾਲ ਜੋੜ ਲਿਆ। ਦੋਹਾਂ ਨੇ ਸਟੇਜਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਕਮਾਲ ਹੋ ਗਈ। ਦੋਹਾਂ ਦਾ ਪਹਿਲਾ ਦੋਗਾਣਾ ਰਿਕਾਰਡ ਖ਼ੂਬ ਚੱਲਿਆ, ਬੋਲ ਸਨ, ‘ਬੋਤਾ ਲੈ ਜਾ ਮਿੱਤਰਾਂ ਦਾ ਕਾਹਨੂੰ ਦੇਨੀ ਏਂ ਯੱਕੇ ਦਾ ਭਾੜਾ’ ਤੇ ਦੂਜੇ ਪਾਸੇ ਸੀ, ‘ਬਿੱਲੋ ਖਾ ਲੈ ਨਾਸ਼ਪਾਤੀਆਂ, ਨਿੱਤ-ਨਿੱਤ ਨਹੀਂ ਸ਼ਹਿਰ ਵਿੱਚ ਆਉਣਾ।’

ਦਲੀਪ ਸਿੰਘ ਦੀਪ ਦੇ ਦੋਗਾਣੇ ਸਵਰਨ ਲਤਾ ਅਤੇ ਬਲਵੀਰ ਸੁਰੱਈਆ ਨਾਲ ਹੀ ਰਿਕਾਰਡ ਹੋਏ। ਕਾਫੀ ਸਮਾਂ ਸਵਰਨ ਲਤਾ ਨੇ ਉਸ ਨਾਲ ਗਾਇਆ ਤੇ ਫੇਰ ਜਦੋਂ ਉਹ ਕਿਸੇ ਹੋਰ ਕੋਲ ਚਲੀ ਗਈ ਤਾਂ ਬਲਵੀਰ ਸੁਰੱਈਆ ਨਾਲ ਉਸ ਦਾ ਪੱਕਾ ਸੈੱਟ ਬਣ ਗਿਆ। ਜਦੋਂ ਸਵਰਨ ਲਤਾ ਦਲੀਪ ਨੂੰ ਛੱਡ ਕੇ ਮੁਹੰਮਦ ਸਦੀਕ ਨਾਲ ਗਾਉਣ ਲੱਗ ਗਈ ਤਾਂ ਦਲੀਪ ਨੇ ਉਸ ’ਤੇ ਗੀਤ ਲਿਖਿਆ, ‘ਕੀੜੇ ਪੈਣਗੇ ਮਰੇਂਗੀ ਸੱਪ ਲੜਕੇ, ਮਿੱਤਰਾਂ ਨੂੰ ਦਗਾ ਦੇਣੀਏ’। ਲਤਾ ਵਾਹਵਾ ਔਖੀ ਹੋਈ ਕਿ ਤੁਸੀਂ ਮੇਰੇ ਬਾਰੇ ਗੀਤ ਕਿਉਂ ਲਿਖਿਆ ਪਰ ਦੀਪ ਨੇ ਇਹ ਕਹਿ ਕੇ ਖਹਿੜਾ ਛੁਡਾ ਲਿਆ ਕਿ ਮੈਂ ਕਿਹੜਾ ਤੇਰਾ ਨਾਂ ਲਿਐ।

ਜਦੋਂ ਲਤਾ ਉਸ ਕੋਲੋਂ ਚਲੀ ਗਈ ਤਾਂ ਉਸ ਦੇ ਕੰਮ ਵਿੱਚ ਥੋੜ੍ਹੀ ਖੜੋਤ ਜ਼ਰੂਰ ਆਈ ਪਰ ਬਹੁਤਾ ਵੱਡਾ ਵਿਘਨ ਨਾ ਪਿਆ ਕਿਉਂਕਿ ਬਲਵੀਰ ਸੁਰੱਈਆ ਉਸ ਨਾਲ ਜੁੜ ਗਈ। ਸੁਰੱਈਆ ਦੀ ਮਾਤਾ ਦਲੀਪ ਦੇ ਘਰ ਸਫ਼ਾਈ ਦਾ ਕੰਮ ਕਰਦੀ ਸੀ। ਇੱਕ ਦਿਨ ਮਾਤਾ ਨਾਲ ਛੋਟੀ ਜਿਹੀ ਉਮਰ ਦੀ ਕੁੜੀ ਵੀ ਘਰ ਆਈ। ਉਹ ਗੁਣ-ਗੁਣਾਉਂਦੀ ਫਿਰੇ, ‘ਘੜਾ ਧੋਤਾ ਸੀ ਲਿੱਬੜ ਗਿਆ, ਮੈਂ ਗਈ ਪੇਕਿਆਂ ਨੂੰ ਮਾਹੀਆ ਵਿਗੜ ਗਿਆ’। ਦਲੀਪ ਸਿੰਘ ਨੇ ਮਾਤਾ ਨੂੰ ਆਖਿਆ, ‘ਤੁਹਾਡੀ ਕੁੜੀ ਦੀ ਅਵਾਜ਼ ਏਨੀ ਚੰਗੀ ਹੈ, ਤੁਸੀਂ ਇਸ ਨੂੰ ਮੇਰੇ ਨਾਲ ਗਾਉਣ ਲਗਾ ਦਿਓ।’ ਘਰਦਿਆਂ ਨੇ ਹਾਮੀ ਭਰ ਦਿੱਤੀ ਤੇ ਦਲੀਪ ਸਿੰਘ ਨੇ ਸੁਰੱਈਆ ਨੂੰ ਰਿਆਜ਼ ਕਰਾਉਣਾ ਸ਼ੁਰੂ ਕਰ ਦਿੱਤਾ। ਕਈ ਵਰ੍ਹੇ ਦੋਹਾਂ ਨੇ ਗਾਇਆ ਤੇ ਫੇਰ ਜਦੋਂ ਉਹ ਜਵਾਨ ਹੋ ਗਈ ਤਾਂ ਵਿਆਹੀ ਗਈ।

ਦਲੀਪ ਤੇ ਬਲਵੀਰ ਦੀ ਅਵਾਜ਼ ਵਿੱਚ ਆਏ ਤਕਰੀਬਨ ਸਾਰੇ ਦੋਗਾਣਿਆਂ ਨੇ ਵੱਡਾ ਮਾਅਰਕਾ ਮਾਰਿਆ ਤੇ ਦੋਹਾਂ ਨੇ ਸੈਂਕੜੇ ਸਟੇਜਾਂ ਲਾਈਆਂ। ਦਲੀਪ ਤੇ ਸੁਰੱਈਆ ਦੀ ਅਵਾਜ਼ ਵਿੱਚ ਆਏ ‘ਦੁੱਧ ਵਾਂਗੂੰ ਪੀ ਮਿੱਤਰਾ ਮੈਂ ਖੰਡ ਬਣ ਕੇ ਖੁਰ ਜਾਵਾਂ’, ‘ਸਾਬਣ ਛੜਿਆਂ ਦਾ ਲਾਹ ਦੇਊ ਤੇਰੀ ਮਿੱਟੀ’, ‘ਮੁੰਡੇ ਦਾ ਦਿਲ ਧੱਕ ਧੱਕ ਕਰਦਾ’, ‘ਲੁਧਿਆਣੇ ਦੇ ਮੁੰਡੇ ਚੰਗੇ ਜੇਬਾਂ ਰੱਖਦੇ ਭਰੀਆਂ’, ‘ਦਿਲ ਦੀ ਡਾਇਰੀ ’ਤੇ ਲਿਖ ਲੈ ਸਾਡਾ ਨਾਂ’, ‘ਖਿਚਵਾ ਲੈ ਨੀਂ ਸੋਹਣੀ ਜਿਹੀ ਤਸਵੀਰ, ਰਾਂਝਾ ਯਾਦ ਕਰੂ ਸਦਾ ਸਲੇਟੀ ਹੀਰ’, ‘ਚੜ੍ਹਜਾ ਛੜੱਪ ਮਾਰ ਕੇ ਅਸਾਂ ਤੇਰੇ ਲਈ ਕਾਰ ਲਿਆਂਦੀ’, ‘ਛੱਡ ਦੇ ਠਰਕ ਭੋਰਨਾ ਜਪ ਲੈ ਰਾਮ ਦੀ ਮਾਲਾ’, ‘ਆਜਾ ਖਾ ਲੈ ਨੀਂ ਮੁਟਿਆਰੇ ਗੋਲਗੱਪੇ ਤੂੰ ਕਰਾਰੇ’ ਗੀਤਾਂ ਨੇ ਆਪਣੇ ਵੇਲ਼ੇ ਵਿੱਚ ਖ਼ੂਬ ਮਕਬੂਲੀਅਤ ਹਾਸਿਲ ਕੀਤੀ।

ਦਲੀਪ ਸਿੰਘ ਦੀਪ ਦੇ ਗੀਤਾਂ ਦੀਆਂ ਚਾਰ ਕਿਤਾਬਾਂ ਛਪੀਆਂ, ‘ਦੀਪ ਦੇ ਗੀਤ’, ‘ਕੁੜੀਏ ਬਦਾਮੀ ਰੰਗੀਏ’, ‘ਦੁੱਧ ਵਾਂਗੂੰ ਪੀ ਮਿੱਤਰਾ’ ਤੇ ‘ਜਗਦੇ ਦੀਪ’। ਹੁਣ ਉਸ ਕੋਲ ਸਿਰਫ਼ ਦੋ ਕਿਤਾਬਾਂ ਮੌਜੂਦ ਨੇ ‘ਕੁੜੀਏ ਬਦਾਮੀ ਰੰਗੀਏ’ ਤੇ ‘ਦੁੱਧ ਵਾਂਗੂੰ ਪੀ ਮਿੱਤਰਾ।’ ਇਨ੍ਹਾਂ ਕਿਤਾਬਾਂ ਵਿੱਚ ਉਸ ਦੇ ਰਿਕਾਰਡ ਹੋਏ ਗੀਤ ਦਰਜ ਹਨ ਅਤੇ ਉਹ ਵੀ ਨੇ, ਜਿਨ੍ਹਾਂ ਨੂੰ ਅਵਾਜ਼ ਨਹੀਂ ਦਿੱਤੀ ਗਈ।

ਦਲੀਪ ਸਿੰਘ ਦਲੀਪ ਨੇ ਜਿੰਨੇ ਰੋਮਾਂਟਿਕ ਗੀਤ ਗਾਏ, ਉਨ੍ਹਾਂ ਨਾਲੋਂ ਕਿਤੇ ਵੱਧ ਧਾਰਮਿਕ ਲਿਖੇ। ਜਦੋਂ ਸੁਰੱਈਆ ਦਾ ਵੀ ਵਿਆਹ ਹੋ ਗਿਆ ਤਾਂ ਉਸ ਦਾ ਝੁਕਾਅ ਧਾਰਮਿਕ ਗਾਇਕੀ ਵੱਲ ਹੋ ਗਿਆ। ਉਸ ਦੀ ਉਮਰ ਵਾਹਵਾ ਹੋ ਚੁੱਕੀ ਸੀ ਤੇ ਉਸ ਨੇ ਧਾਰਮਿਕ ਗਾਉਣਾ ਤੇ ਲਿਖਣਾ ਸ਼ੁਰੂ ਕਰ ਦਿੱਤਾ। ਉਸ ਦੇ ਧਾਰਮਿਕ ਗੀਤ ਰਿਕਾਰਡ ਨਹੀਂ ਹੋਏ ਪਰ ਉਸ ਨੇ ਇਨ੍ਹਾਂ ਨੂੰ ਕਿਤਾਬਾਂ ਵਿੱਚ ਜ਼ਰੂਰ ਦਰਜ ਕੀਤਾ।

ਦਲੀਪ ਸਿੰਘ ਦੇ ਗੀਤ ਕਿਸੇ ਇੱਕ ਵੰਨਗੀ ਨਾਲ ਨਹੀਂ ਬੱਝੇ ਹੋਏ। ਉਸ ਦੇ ਦਰਜਨਾਂ ਗੀਤਾਂ ਵਿੱਚ ਵਿਛੋੜੇ ਦੀ ਤੜਫ਼ ਝਲਕਦੀ ਹੈ, ਅਣਗਿਣਤ ਗੀਤਾਂ ਵਿੱਚੋਂ ਉਹ ਸ਼ਰਾਬ ’ਚ ਮਸਤ ਹੋਣ ਵਲਿਆਂ ਦੀ ਗੱਲ ਕਰਦਾ ਹੈ, ਕਈ ਗੀਤਾਂ ਵਿੱਚ ਪੰਜਾਬ ਦੇ ਗੱਭਰੂਆਂ ਤੇ ਮੁਟਿਆਰਾਂ ਦੀ ਉਸਤਤ ਕਰਦਾ ਹੈ, ਕਈਆਂ ਵਿੱਚ ਦਿਓਰ-ਭਾਬੀ, ਪਤੀ-ਪਤਨੀ ਤੇ ਆਸ਼ਕ-ਮਾਸ਼ੂਕ ਦੀ ਗੱਲ ਕਰਦਾ ਹੈ। ਉਸ ਦੇ ਗੀਤਾਂ ਵਿੱਚ ਪਿਆਰ ਵੀ ਹੈ ਤੇ ਤਕਰਾਰ ਵੀ। ਉਸ ਦੇ ਗੀਤਾਂ ਵਿੱਚ ਪਤਝੜ ਵੀ ਹੈ ਤੇ ਬਹਾਰ ਵੀ। ਉਸ ਦੇ ਕਈ ਗੀਤਾਂ ਵਿੱਚ ਹਾਸਰਸ ਹੈ ਅਤੇ ਪੜ੍ਹਨ-ਸੁਣਨ ਵਾਲੇ ਦਾ ਮੱਲੋਜ਼ੋਰੀ ਹਾਸਾ ਨਿਕਲ ਜਾਂਦਾ ਹੈ। ਇਸ ਵੰਨਗੀ ਦਾ ਗੀਤ ਹੈ :

ਤੂੰ ਸੋਹਣੀ ਨਿਰੀ ਸਵਾਹ ਵਰਗੀ,
ਤੇਰਾ ਭੁੱਬਲ ਵਰਗਾ ਰੰਗ ਕੁੜੇ,
ਕਿਉਂ ਝੱਗਾ ਪਾਉਂਨੀ ਤੰਗ ਕੁੜੇ।

ਦਲੀਪ ਸਿੰਘ ਦੀਪ ਨੇ ਜ਼ਿਆਦਾਤਰ ਗੀਤ ਆਪਣੇ ਲਿਖੇ ਹੀ ਗਾਏ। ਰੇਡੀਓ, ਟੀ.ਵੀ. ’ਤੇ ਸ਼ਾਇਦ ਹੀ ਕਿਸੇ ਹੋਰ ਦਾ ਇੱਕ-ਅੱਧ ਗੀਤ ਉਸ ਨੇ ਗਾਇਆ ਹੋਵੇਗਾ। ਉਹ ਆਪਣੇ ਲਿਖੇ ਗੀਤ ਨੰਦ ਲਾਲ ਨੂਰਪੁਰੀ ਨੂੰ ਚੈੱਕ ਕਰਾਉਂਦਾ ਅਤੇ ਉਨ੍ਹਾਂ ਦੇ ਕਹਿਣ ’ਤੇ ਗੀਤਾਂ ਵਿਚਲੀਆਂ ਕਮੀਆਂ-ਪੇਸ਼ੀਆਂ ਦੂਰ ਕਰਦਾ, ਫੇਰ ਉਨ੍ਹਾਂ ਨੂੰ ਸਟੇਜਾਂ ’ਤੇ ਜਾਂ ਰਿਕਾਰਡਾਂ ਵਿੱਚ ਗਾਉਂਦਾ। ਦਲੀਪ ਸਿੰਘ ਦੀਪ ਸ਼ੁਰੂ ਤੋਂ ਹੀ ਧਾਰਮਿਕ ਖਿਆਲਾਂ ਵਾਲਾ ਸੀ, ਸੋ ਉਸ ਦੇ ਗੀਤਾਂ ਵਿਚੋਂ ਬਹੁਤੀ ਤੜਕ-ਭੜਕ ਨਹੀਂ ਲੱਭਦੀ। ਚਰਚਾ ਲਈ ਉਸ ਨੇ ਹਥਕੰਡੇ ਨਾ ਅਪਣਾਏ ਅਤੇ ਗੀਤ ਸਿਰਫ਼ ਉਹੀ ਲਿਖੇ ਤੇ ਗਾਏ, ਜਿਨ੍ਹਾਂ ਨੂੰ ਲੁਕ-ਛੁਪ ਕੇ ਸੁਣਨ ਦੀ ਥਾਂ ਪੂਰੇ ਪਰਿਵਾਰ ਵਿੱਚ ਬੈਠ ਕੇ ਸੁਣਿਆ ਜਾ ਸਕੇ। ਇੱਕ ਗੀਤ ਵਿੱਚ ਉਸ ਨੇ ਨਣਾਨ-ਭਰਜਾਈ ਦੀ ਗੱਲ ਇਸ ਤਰ੍ਹਾਂ ਕੀਤੀ :

ਅੜੀਓ ਨੀਂ ਮੇਰੀ ਭਾਬੀ ਵੀਰੇ ਨਾਲ ਖਿੜ-ਖਿੜ ਹੱਸਦੀ ਏ,
ਜੋ ਗੱਲਾਂ ਕਰਦੀ ਲੁਕ-ਲੁਕ ਮੈਨੂੰ ਰਤਾ ਨਾ ਦੱਸਦੀ ਏ।

ਦਲੀਪ ਸਿੰਘ ਦੀਪ ਨੇ ਆਪਣੇ ਪਹਿਲੇ ਹੀ ਰਿਕਾਰਡ ਵਿਚਲੇ ਗੀਤ ਵਿੱਚ ਮੁਟਿਆਰ ਦੀ ਉਸਤਤ ਸੁਚੱਜੇ ਢੰਗ ਨਾਲ ਕੀਤੀ। ਉਸ ਦਾ ਇਹ ਗੀਤ ਘਰ-ਘਰ ਵੱਜਿਆ ਅਤੇ ਇਸੇ ਗੀਤ ਨੇ ਉਸ ਦੇ ਗਾਇਕੀ ਵਿੱਚ ਪੈਰ ਜਮਾਏ। ‘ਕਿੱਥੇ ਚੱਲੀਂ ਏਂ ਸਰ੍ਹੋਂ ਦਾ ਫੁੱਲ ਬਣ ਕੇ’ ਗੀਤ ਵਿੱਚ ਉਸ ਨੇ ਪੰਜਾਬਣ ਦੇ ਕੰਨਾਂ ਵਿਚਲੇ ਝੁਮਕਿਆਂ ਦੀ ਗੱਲ ਵੀ ਕੀਤੀ, ਮਸਤਾਨੀ ਜਵਾਨੀ ਦੀ ਵੀ ਤੇ ਚੰਨ ਵਰਗੇ ਮੱਥੇ ਦੀ ਵੀ। ਉਸ ਨੇ ਮੁਟਿਆਰ ਨੂੰ ਇੰਜ ਸਲਾਹਿਆ :

ਕਿੱਥੇ ਚੱਲੀਂ ਏਂ ਸਰ੍ਹੋਂ ਦਾ ਫੁੱਲ ਬਣ ਕੇ,
ਕੁੜੀਏ ਬਦਾਮੀ ਰੰਗੀਏ..।
ਪਿੰਡ ਸਾਰਾ ਤੇਰੇ ਵੱਲ ਝੁਕ-ਝੁਕ ਵੇਖਦਾ,
ਕੋਈ ਤੈਨੂੰ ਸੋਹਣੀਏ ਨੀਂ ਲੁਕ-ਲੁਕ ਵੇਖਦਾ,
ਜਦੋਂ ਤੁਰਦੀ ਦੀ ਝਾਂਜਰ ਛਣਕੇ,
ਕੁੜੀਏ ਬਦਾਮੀ ਰੰਗੀਏ, ਕਿੱਥੇ ਚੱਲੀ ਏਂ...।

ਦਲੀਪ ਸਿੰਘ ਦੀਪ ਨੇ ਸੌ ਕੁ ਗੀਤ ਗਾਏ ਅਤੇ ਉਸ ਦੇ ਲਿਖੇ ਕਈ ਗੀਤ ਵੱਖ-ਵੱਖ ਨਾਮਵਰ ਗਾਇਕਾਂ ਦੀ ਅਵਾਜ਼ ਵਿੱਚ ਰਿਕਾਰਡ ਹੋਏ, ਜਿਨ੍ਹਾਂ ਵਿੱਚ ਹਰਚਰਨ ਗਰੇਵਾਲ-ਸੀਮਾ, ਇੰਦਰਜੀਤ ਸ਼ਰਮਾ, ਚਰਨ ਸਿੰਘ ਚੰਨ, ਸਰੂਪ ਸਿੰਘ ਸਰੂਪ ਤੇ ਮੋਹਿਨੀ ਨਰੂਲਾ ਸਮੇਤ ਹੋਰ ਕਈਆਂ ਨੇ ਨਾਂ ਸ਼ਾਮਿਲ ਹਨ। ਉਸ ਨੇ ਇੱਕ ਗੀਤ ‘ਤੇਰੀ ਮੇਰੀ ਇਕ ਜ਼ਿੰਦੜੀ’ ਫ਼ਿਲਮ ਵਿੱਚ ਵੀ ਗਾਇਆ, ਜਿਸ ਨੂੰ ਚੰਗਾ ਹੁੰਗਾਰਾ ਮਿਲਿਆ ਅਤੇ ਉਸ ਤੋਂ ਬਾਅਦ ਉਸ ਨੂੰ ਫ਼ਿਲਮਾਂ ਵਿੱਚ ਗਾਉਣ ਦੇ ਕਈ ਮੌਕੇ ਮਿਲੇ ਪਰ ਘਰੇਲੂ ਕਲੇਸ਼ ਅਤੇ ਹੋਰ ਜ਼ਿੰਮੇਵਾਰੀਆਂ ਨੇ ਉਸ ਨੂੰ ਫ਼ਿਲਮ ਮੰਡੀ ਵੱਲ ਨਾ ਜਾਣ ਦਿੱਤਾ।

ਜਦੋਂ ਦਲੀਪ ਸਿੰਘ ਦੀਪ ਲੁਧਿਆਣਾ ਛੱਡ ਕੇ ਪੋਤਰੇ ਸਮੇਤ ਅੰਮ੍ਰਿਤਸਰ ਆਣ ਵੱਸਿਆ ਤਾਂ ਉਸ ਦੀ ਜ਼ਿੰਦਗੀ ਦਾ ਸਟਾਈਲ ਬਦਲ ਗਿਆ। ਉਸ ਨੇ ਆਪਣਾ ਪੂਰਾ ਧਿਆਨ ਭਜਨ ਬੰਦਗੀ ਵਾਲੇ ਗੀਤਾਂ ਵੱਲ ਕਰ ਲਿਆ। ਗੁਰੂਆਂ ਦੀ ਇਸ ਨਗਰੀ ਨੇ ਉਸ ਨੂੰ ਧੁਰੋਂ ਰੱਬ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਅਤੇ ਉਸ ਨੇ ਧਾਰਮਿਕ ਸਥਾਨਾਂ ’ਤੇ ਜਾ ਕੇ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ, ਸਮਾਗਮਾਂ ਵਿੱਚ ਵੀ ਉਹ ਸਿਰਫ਼ ਧਾਰਮਿਕ ਗੀਤ ਹੀ ਗਾਉਂਦਾ। ਉਸ ਤੋਂ ਬਾਅਦ ਉਸ ਨੇ ਜਿੰਨੇ ਵੀ ਗੀਤ ਲਿਖੇ, ਸਾਰੇ ਗੁਰੂਆਂ, ਪੀਰਾਂ ਅਤੇ ਧਾਰਮਿਕ ਥਾਂਵਾਂ ਦੀ ਉਸਤਤ ਨਾਲ ਸਬੰਧਿਤ ਸਨ। ਉਸ ਨੇ ਪਿੰਗਲਵਾੜਾ ਵਿਚਲੇ ਬੱਚਿਆਂ ਨੂੰ ਗੀਤ-ਸੰਗੀਤ ਦੀ ਸਿੱਖਿਆ ਦੇਣ ਦਾ ਕੰਮ ਸ਼ੁਰੂ ਕਰ ਦਿੱਤਾ ਅਤੇ ਦੋ ਕੈਸਿਟਾਂ ਭਗਤ ਪੂਰਨ ਸਿੰਘ ਦੀ ਨਿਸ਼ਕਾਮ ਸੇਵਾ ਨੂੰ ਸਮਰਪਿਤ ਕੀਤੀਆਂ।

ਪੁਰਾਣੀਆਂ ਤਸਵੀਰਾਂ ਵਿੱਚ ਜਿਹੜਾ ਉੱਚਾ-ਲੰਮਾ ਦਲੀਪ ਸਿੰਘ ਦੀਪ ਸਭ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ, ਹੁਣ ਉਸ ਦੀ ਅਵਾਜ਼ ਮੱਠੀ ਪੈ ਚੁੱਕੀ ਹੈ। ਉਹ ਹੌਲੀ-ਹੌਲੀ ਬੋਲਦਾ ਹੈ, ਰੱਬ ਦੀ ਰਜ਼ਾ ਵਿੱਚ ਰਹਿੰਦਾ ਹੈ, ਹੌਲੀ-ਹੌਲੀ ਪੈਰ ਚੁੱਕਦਾ ਹੈ ਅਤੇ ਚੱਲ ਰਹੇ ਸਮੇਂ ਨੂੰ ਰੱਬ ਦਾ ਹੁਕਮ ਸਮਝ ਕੇ ਦਿਨਕਟੀ ਕਰ ਰਿਹਾ ਹੈ। ਨਿੱਕੇ ਜਿਹੇ ਘਰ ਵਿੱਚ ਉਸ ਦੀ ਪਤਨੀ ਪ੍ਰਕਾਸ਼ ਕੌਰ, ਪੋਤਰਾ, ਨੂੰਹ ਤੇ ਪੜਪੋਤੀ ਰਹਿੰਦੀ ਹੈ। ਦਲੀਪ ਸਿੰਘ ਦੀਪ ਨੂੰ ਕਿਸੇ ਨਾਲ ਕੋਈ ਸ਼ਿਕਵਾ ਨਹੀਂ, ਸਿਵਾਏ ਆਪਣੇ ਮੁੰਡੇ ਦੇ। ਉਸ ਨੂੰ ਪਤੈ ਕਿ ਅੱਜ ਦੀ ਗਾਇਕੀ ਬਹੁਤ ਮਹਿੰਗੀ ਹੋ ਚੁੱਕੀ ਹੈ, ਇਸੇ ਕਰਕੇ ਉਸ ਨੇ ਆਪਣੇ ਪੋਤੇ ਨੂੰ ਗਾਇਕੀ ਵੱਲ ਨਹੀਂ ਲਿਆਂਦਾ। ਪੋਤਾ ਉਸ ਦਾ ਤਬਲਾ ਵਜਾਉਣ ਵਿੱਚ ਨਿਪੁੰਨ ਹੈ ਅਤੇ ਖੋਲ੍ਹੀ ਹੋਈ ‘ਗੁਰੂ ਨਾਨਕ ਸੰਗੀਤ ਅਕੈਡਮੀ’ ਵਿੱਚ ਬੱਚਿਆਂ ਨੂੰ ਸੰਗੀਤ ਦੀ ਸਿੱਖਿਆ ਦਿੰਦਾ ਹੈ। ਖੁਦ ਦਲੀਪ ਸਿੰਘ ਦੀਪ ਢਾਈ ਹਜ਼ਾਰ ਰੁਪਿਆ ਪ੍ਰਤੀ ਮਹੀਨੇ ’ਤੇ ਗੁਰੂ ਰਾਮ ਦਾਸ ਸੀਨੀਅਰ ਸੈਕੰਡਰੀ ਸਕੂਲ ਵਿੱਚ ਬੱਚਿਆਂ ਨੂੰ ਸੰਗੀਤ ਦੇ ਗੁਰ ਸਿਖਾਉਂਦੈ। ਉਸ ਦੇ ਪੰਜ ਹੋਰ ਭਰਾ ਤੇ ਦੋ ਭੈਣਾਂ ਸਨ ਪਰ ਹੁਣ ਉਸ ਦਾ ਇੱਕ ਭਰਾ ਹੀ ਜਿਊਂਦਾ ਹੈ।

ਦਲੀਪ ਸਿੰਘ ਦੀਪ ਦੁਆਰਾ ਗਾਇਕੀ ਅਤੇ ਲੇਖਣੀ ਵਿੱਚ ਪਾਏ ਯੋਗਦਾਨ ਨੂੰ ਮਨੋਂ ਨਹੀਂ ਵਿਸਾਰਿਆ ਜਾ ਸਕਦਾ।

# ਆਕਲੈਂਡ 'ਚ ਪਾਣੀ ਦੇ ਖਰਚੇ ਹੋ ਸਕਦੇ ਹਨ ਦੁੱਗਣੇ – ਕੌਂਸਲ ਸਟਾਫ

ਆਕਲੈਂਡ- ਆਕਲੈਂਡ ਦੇ ਪਾਣੀ ਦੇ ਖਰਚੇ ਅਗਲੇ ਚਾਰ ਸਾਲਾਂ ਵਿੱਚ ਦੁੱਗਣੇ ਹੋ ਸਕਦੇ ਹਨ ਜੇਕਰ ਥ੍ਰੀ ਵਾਟਰਜ਼ ਅੱਗੇ ਨਹੀਂ ਵਧਦਾ, ਇੱਕ ਕੌਂਸਲ ਸਟਾਫ ਦਾ ਕਹਿਣਾ ਹੈ। **RNZ** ਸਮਝਦਾ ਹੈ ਕਿ ਆਕਲੈਂਡ ਦੇ ਮੇਅਰ ਵੇਨ ਬ੍ਰਾਊਨ ਵਾਟਰ ਸਰਵਿਸਿਜ਼ ਰਿਫਾਰਮ ਪ੍ਰੋਗਰਾਮ ਨੂੰ ਰੱਦ ਕਰਨ ਲਈ ਸਮਰਥਨ ਕਰਨਾ ਜਾਰੀ ਰੱਖਦਾ ਹੈ।

ਪਰ ਕੌਂਸਲ ਸਟਾਫ਼ ਦੇ ਇੱਕ ਮੈਂਬਰ ਤੋਂ **RNZ** ਦੁਆਰਾ ਪ੍ਰਾਪਤ ਕੀਤੇ ਗਏ ਇੱਕ ਸੰਦੇਸ਼ ਵਿੱਚ ਕਿਹਾ ਗਿਆ ਹੈ ਕਿ ਜੇਕਰ ਇਸਨੂੰ ਬਦਲੇ ਬਿਨਾਂ ਰੱਦ ਕਰ ਦਿੱਤਾ ਜਾਂਦਾ ਹੈ, ਤਾਂ ਵਸਨੀਕਾਂ ਨੂੰ ਆਪਣੇ ਪਾਣੀ ਦੇ ਖਰਚੇ ਵਿੱਚ ਦੁੱਗਣੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।


ਮਹਿਲਾ ਨੇ ਕਿਹਾ ਕਿ ਕੌਂਸਲ ਦੇ ਮੌਜੂਦਾ ਕਰਜ਼ੇ ਨੂੰ ਮਾਲੀਆ ਸੀਮਾ ਤੱਕ ਬਣਾਈ ਰੱਖਣ ਦਾ ਇਹ ਇੱਕੋ ਇੱਕ ਤਰੀਕਾ ਹੋਵੇਗਾ। ਉਸਨੇ ਸੁਝਾਅ ਦਿੱਤਾ ਕਿ ਕੌਂਸਲ ਚਾਹੁੰਦੀ ਹੈ ਕਿ ਅਗਲੀ ਸਰਕਾਰ ਨਵੇਂ ਪਾਣੀ ਦੇ ਕਰਜ਼ੇ ਦੀ ਤਾਜ ਗਾਰੰਟੀ ਲਈ ਵਚਨਬੱਧ ਹੋਵੇ।




ਇੱਕ ਬਿਆਨ ਵਿੱਚ, ਵਾਟਰਕੇਅਰ ਦੇ ਮੁੱਖ ਕਾਰਜਕਾਰੀ ਡੇਵ ਚੈਂਬਰਜ਼ ਨੇ ਕਿਹਾ ਕਿ ਇਹ ਅਗਲੇ 10 ਸਾਲਾਂ ਵਿੱਚ ਪਾਣੀ ਦੇ ਪ੍ਰੋਜੈਕਟਾਂ 'ਤੇ $13 ਬਿਲੀਅਨ ਤੋਂ ਵੱਧ ਖਰਚ ਕਰੇਗਾ, ਇੱਕ ਯੋਜਨਾ ਜਿਸ ਲਈ ਦਸੰਬਰ 2020 ਵਿੱਚ ਇਸਦੇ ਬੋਰਡ ਦੁਆਰਾ ਸਹਿਮਤੀ ਦਿੱਤੀ ਗਈ ਸੀ। ਇਸ ਵਿੱਚ ਅਗਲੇ ਚਾਰ ਸਾਲਾਂ ਵਿੱਚ ਸਾਲ-ਦਰ-ਸਾਲ ਖਰਚ ਵਿੱਚ 9.5 ਪ੍ਰਤੀਸ਼ਤ ਦਾ ਵਾਧਾ ਸ਼ਾਮਲ ਹੈ, ਜੋ ਮੌਜੂਦਾ ਵਿੱਤੀ ਸਾਲ ਵਿੱਚ ਖਰਚ ਕੀਤੇ ਜਾ ਰਹੇ $1ਬ ਤੋਂ ਵੱਧ, 2027/2028 ਸਾਲ ਵਿੱਚ ਖਰਚ ਕੀਤੇ ਜਾਣ ਵਾਲੇ $1.38ਬ ਤੱਕ ਸ਼ਾਮਲ ਹੈ।

ਚੈਂਬਰਜ਼ ਨੇ ਕਿਹਾ ਕਿ ਇਹਨਾਂ ਵਾਧੇ ਨੂੰ ਫੰਡ ਦੇਣ ਲਈ, ਉਸਨੂੰ ਉਧਾਰ ਲਈ ਗਈ ਰਕਮ ਨੂੰ ਵਧਾਉਣ ਦੀ ਜ਼ਰੂਰਤ ਹੋਏਗੀ। ਆਕਲੈਂਡ ਕਾਉਂਸਿਲ ਨੇ ਮੰਗਲਵਾਰ ਨੂੰ ਅਗਲੇ ਵਿੱਤੀ ਸਾਲ, ਜੋ ਕਿ ਜੁਲਾਈ ਵਿੱਚ ਸ਼ੁਰੂ ਹੁੰਦਾ ਹੈ, ਵਿੱਚ ਲਗਭਗ 13.75 ਪ੍ਰਤੀਸ਼ਤ ਦੇ ਵਾਧੇ ਦੀ ਪੂਰਵ ਅਨੁਮਾਨ ਦਰਾਂ ਦਾ ਐਲਾਨ ਕੀਤਾ ਹੈ। ਇਸ ਸਾਲ, ਕੌਂਸਲ ਨੇ ਆਪਣੇ $325 ਮਿਲੀਅਨ ਦੇ ਬਜਟ ਦੇ ਮੋਰੀ ਨੂੰ ਪਲੱਗ ਕਰਨ ਦੀ ਯੋਜਨਾ ਦੇ ਹਿੱਸੇ ਵਜੋਂ ਦਰਾਂ ਵਿੱਚ 7.7 ਪ੍ਰਤੀਸ਼ਤ ਦਾ ਵਾਧਾ ਕੀਤਾ।



# ਪਾਪੀ ਅਤੇ ਜ਼ਾਲਮ ਬਾਪ

ਰਾਬੀਆ ਨੂੰ ਜਿਸ ਦਿਨ ਮੈਂ ਪਹਿਲੀ ਵਾਰ ਮਿਲਿਆ ਉਹ ਨੀਲਮ ਦੀ ਕੱਪੜਿਆਂ ਦੀ ਦੁਕਾਨ ਵਿਚ ਕੰਮ ਕਰਦੀ ਸੀ। ਲਾਹੌਰ ਤੋਂ ਆਈ ਰਾਬੀਆ ਭਾਰਤੀ ਪੰਜਾਬ ਦੇ ਲੋਕਾਂ ਵਾਂਗ ਪੰਜਾਬੀ ਬੋਲਦੀ ਸੀ। ਰਾਬੀਆ ਦੇ ਅਨਾਭੀ ਰੰਗ ਦਾ ਸੂਟ ਪਾਇਆ ਹੋਇਆ ਸੀ ਅਤੇ ਉਹਦੇ ਪੌਣੇ ਛੇ ਫੁੱਟ ਲੰਬੇ ਕੱਦ ਵਿਚੋਂ ਹੁਸਨ ਡਲਕਾਂ ਮਾਰ ਰਿਹਾ ਸੀ। ਤੂਤ ਦੀ ਛਿਟੀ ਵਰਗੀ ਰਾਬੀਆ ਦੁਕਾਨ ਵਿਚ ਦੌੜੀ ਭੱਜੀ ਫਿਰਦੀ, ਹੰਸੂ ਹੰਸੂ ਕਰ ਰਹੀ ਸੀ। ਮੁਸਲਮਾਨ ਔਰਤ ਗਾਹਕਾਂ ਨੂੰ ਰਾਬੀਆ ਹੀ ਨਿਪਟਾਉਂਦੀ। ਇਸ ਇਲਾਕੇ ਵਿਚ ਜ਼ਿਆਦਾਤਰ ਮੁਸਲਮਾਨ ਹੀ ਰਹਿੰਦੇ ਸਨ ਅਤੇ ਮੁਸਲਮਾਨ ਵੀ ਇਹ ਮੀਰਪੁਰ ਇਲਾਕੇ ਦੇ ਸਨ। ਮੀਰਪੁਰੀ ਮੁਸਲਮਾਨਾਂ ਦੀ ਪੰਜਾਬੀ ਦਾ ਬੋਲਣ ਦਾ ਲਹਿਜਾ ਲਹੌਰੀਆਂ ਨਾਲੋਂ ਵੱਖਰਾ ਹੈ ਅਤੇ ਵੈਸੇ ਵੀ ਲਹੌਰੀਏ ਮੁਸਲਮਾਨ ਆਪਣੇ ਆਪ ਨੂੰ ਮੀਰਪੁਰੀਆਂ ਨਾਲੋਂ ਉੱਚੇ ਰੁਤਬੇ ਦੇ ਕਹਾਉਂਦੇ ਹਨ ਅਤੇ ਮੀਰਪੁਰੀਆਂ ਨੂੰ ਬੈਕਵਰਡ ਕਹਿੰਦੇ ਹਨ। ਨੀਲਮ ਨੂੰ ਰਾਬੀਆ ਦਾ ਬੜਾ ਫਾਇਦਾ ਸੀ। ਰਾਬੀਆ ਕਰਕੇ ਹੀ ਉਹਦੀ ਦੁਕਾਨ ਤੇ ਜ਼ਿਆਦਾ ਗਾਹਕੀ ਮੁਸਲਮਾਨ ਔਰਤਾਂ ਦੀ ਪੈ ਰਹੀ ਸੀ।

ਰਾਬੀਆ ਜਦ ਵੇਹਲੀ ਹੋਈ ਤਾਂ ਸਾਡੇ ਕੋਲ ਆ ਗਈ। ਨੀਲਮ ਨੇ ਮੇਰਾ ਤੁਆਰਫ ਕਰਾਇਆ ਕਿ, ''ਹਰੀਸ਼ ਸਾਡਾ ਪਰਿਵਾਰਕ ਦੋਸਤ ਆ ਅਤੇ ਸੋਸ਼ਲ ਸਰਵਿਜ਼ ਦੇ ਮਹਿਕਮੇ ਵਿਚ ਕੰਮ ਕਰਦੈ।'' ਰਾਬੀਆ ਪੈਂਦੀ ਸੱਟੇ ਹੀ ਕਿਹਾ, ''ਤਾਂ ਤੁਸੀਂ ਬੜੇ ਕੰਮ ਦੇ ਆਦਮੀ ਹੋ। ਮੇਰੀਆਂ ਸਮੱਸਿਆਵਾਂ ਦਾ ਹੱਲ ਦੱਸ ਦਿਉਗੇ।'' ਹੁਣ ਨੀਲਮ ਵਿਚੇ ਈ ਬੋਲ ਪਈ, ''ਰਾਬੀਆ ਦੇਖੀਂ ਕਿਤੇ ਹਰੀਸ਼ ਨੂੰ ਵੀ ਆਪਣੇ ਜਾਲ 'ਚ ਨਾ ਫਸਾ ਲਈਂ। ਗੱਲ ਆਪਣੇ ਮਸਲਿਆਂ ਤਕ ਹੀ ਰੱਖੀਂ।'' ਰਾਬੀਆ ਥੋੜ੍ਹੀ ਜੇਹੀ ਝੇਂਪ ਗਈ ਅਤੇ ਸ਼ਰਮਾਉਂਦੀ ਹੋਈ ਬੋਲੀ, ''ਭੈਣ ਜੀ, ਤੁਸੀਂ ਵੀ ਹੱਦ ਕਰ ਦਿੰਦੇ ਆਂ। ਮੈਂ ਇਥੇ ਬੰਦੇ ਫਸਾਂਉਦੀ ਫਿਰਦੀ ਆਂ।'' ਮੈਂ ਕਿਹਾ, ''ਮੈਂ ਹੁਣ ਚਲਦੈਂ, ਕਿਸੇ ਦਿਨ ਫਿਰ ਰਾਬੀਆ ਨੂੰ ਮਿਲਣ ਆਵਾਂਗਾ।'' ਰਾਬੀਆ ਦਾ ਮੂੰਹ ਮਸੋਸਿਆ ਜਿਹਾ ਹੋ ਕੇ ਰਹਿ ਗਿਆ। ਮੈਂ ਰਾਬੀਆ ਨੂੰ ਹੌਸਲਾ ਦਿੰਦੇ ਕਿਹਾ, ''ਰਾਬੀਆ ਮੈਂ ਜ਼ਰੂਰ ਆਵਾਂਗਾ। ਮੈਂ ਤੈਨੂੰ ਟਰਕਾ ਨਹੀਂ ਰਿਹਾ।'' ਉਹ ਕੁੱਝ ਨਾਂ ਬੋਲੀ ਅਤੇ ਮੈਂ ਦੁਕਾਨ ਤੋਂ ਬਾਹਰ ਹੋ ਗਿਆ।

ਦੋ ਕੁ ਹਫਤੇ ਮੇਰੇ ਕੋਲੋਂ ਦੁਕਾਨ ਤੇ ਜਾ ਨਾਂ ਹੋਇਆ। ਇੱਕ ਦਿਨ ਨੀਲਮ ਅਤੇ ਉਹਦਾ ਘਰ ਵਾਲਾ ਸਾਨੂੰ ਘਰ ਮਿਲਣ ਆ ਗਏ। ਗੱਲਾਂ ਗੱਲਾਂ ਵਿਚ ਰਾਬੀਆ ਦੀ ਵੀ ਗੱਲ ਚੱਲ ਪਈ। ਨੀਲਮ ਕਿਹਾ ''ਰਾਬੀਆ ਤੈਨੂੰ ਚੇਤੇ ਕਰਦੀ ਸੀ ਕਿ ਲਾਰਾ ਲਾ ਕੇ ਵਾਪਿਸ ਆਇਆ ਈ ਨਹੀਂ। ਹਰੀਸ਼, ਇੱਕ ਗੱਲ ਦਾ ਖਿਆਲ ਰੱਖੀਂ, ਰਾਬੀਆ ਕਾਫੀ ਚੁਸਤ ਆ। ਇਹਨੇ ਆਪਣਾ ਆਦਮੀ ਛੱਡਿਐ ਅਤੇ ਅੱਜ ਕੱਲ੍ਹ ਕਿਸੇ ਨਾਲ ਪਿਆਰ ਦੀਆਂ ਪੀਘਾਂ ਪਾਈ ਫਿਰਦੀ ਆ। ਇਹ ਆਪ ਈ ਮੈਨੂੰ ਦੱਸਦੀ ਸੀ ਕਿ ਜੇਹਦੇ ਨਾਲ ਅੱਜ ਕੱਲ ਇਸ਼ਕ ਚੱਲ ਰਿਹਾ ਇਹ ਉਹਦਾ ਤੀਜਾ ਆਸ਼ਕ ਆ। ਕਹਿ ਰਹੀ ਸੀ ਕਿ ਮੁਸਲਮਾਨ ਮਰਦਾਂ ਦਾ ਕੋਈ ਭਰੋਸਾ ਨਹੀਂ। ਇੱਕੋ ਵੇਲੇ ਕਈ ਥਾਂਈਂ ਕੁੰਡੀਆਂ ਫਸਾਈ ਫਿਰਦੇ ਆ। ਪਰ ਆਪਾਂ ਕੀ ਲੈਣੈ। ਸਾਡੇ ਤਾਂ ਇਹ ਪਾਰਟ-ਟਾਈਮ ਕੰਮ ਕਰਦੀ ਆ ਨਾਲੇ ਸੋਸ਼ਲ ਸਕਿਉਰਟੀ ਤੋਂ ਮਿਲਦੇ ਪੈਸੇ ਵੀ ਲਈ ਜਾਂਦੀ ਆ। ਇਹਦੇ ਵਿਆਹ ਦੀ ਇੱਕ ਈ ਕੁੜੀ ਆ ਅਤੇ ਉਹ ਵੀ ਵਿਆਹੀ ਆ।'' ਮੈਂ ਪੁੱਛਿਆ ''ਮੇਰੇ ਨਾਲ ਉਹਨੇ ਕੀ ਗੱਲ ਕਰਨੀ ਆ?'' ''ਪਤਾ ਨਹੀਂ ਭਰਾਵਾ ਤੇਰੇ ਤੋਂ ਉਹਨੇ ਕੀ ਪੁਛਣੈ? ਉਦਾਂ ਕਦੇ ਕਦੇ ਆਪਣੇ ਆਦਮੀ ਦੀਆਂ ਗੱਲਾਂ ਕਰਦੀ ਹੁੰਦੀ ਆ ਕਿ ਉਹ ਬੜਾ ਬਦਮਾਸ਼ ਸੀ, ਕੁੱਟਦਾ ਮਾਰਦਾ ਸੀ ਅਤੇ ਕੋਈ ਕੰਮ ਕਾਰ ਵੀ ਨਹੀਂ ਸੀ ਕਰਦਾ। ਬਾਕੀ ਤੂੰ ਆਪ ਆ ਕੇ ਕਿਸੇ ਦਿਨ ਗੱਲ ਕਰ ਲਈਂ। ਜਿੱਦਣ ਮਰਜ਼ੀ ਦੁਪਿਹਰੋਂ ਬਾਦ ਆ ਜਾਂਈਂ।'' ਅਤੇ ਫਿਰ ਇਕ ਦਿਨ ਘੁੰਮਦਾ ਘੁੰਮਾਉਂਦਾ ਮੈਂ ਨੀਲਮ ਦੀ ਦੁਕਾਨ ਤੇ ਜਾ ਪਹੁੰਚਾ। ਮੈਨੂੰ ਦੇਖ ਨੀਲਮ ਨੇ ਰਾਬੀਆ ਨੂੰ ਸਣਾਉਂਦੇ ਕਿਹਾ, ''ਲੈ ਆ ਗਿਆ ਹਰੀਸ਼।



ਤੂੰ ਯਾਦ ਕਰਦੀ ਸੀ, ਹੁਣ ਕਰ ਲੈ ਗੱਲ ਜੇਹੜੀ ਕਰਨੀ ਆ।'' ਰਾਬੀਆ ਸੰਗਦੀ ਸੰਗਦੀ ਮੇਰੇ ਕੋਲ ਆ ਗਈ ਅਤੇ ਕਹਿਣ ਲੱਗੀ, ''ਭਾਈਜਾਨ, ਮੈਂ ਇਕੱਲੀ ਇੱਕ ਕਰਾਏ ਦੇ ਘਰ 'ਚ ਰਹਿੰਦੀ ਆਂ। ਚਾਰ ਮਹੀਨੇ ਹੋ ਗਏ ਆ ਸਰਕਾਰੀ ਫਲੈਟ ਲਈ ਅਪਲਾਈ ਕੀਤਾ ਸੀ ਪਰ ਉਹ ਮੈਨੂੰ ਕੋਈ ਲੜ ਪੱਲਾ ਈ ਨਹੀਂ ਫੜਾ ਰਹੇ। ਮੈਂ ਮਾਲਕ ਮਕਾਨ ਤੋਂ ਵੀ ਡਾਹਡੀ ਦੁੱਖੀ ਹੋਈ ਪਈ ਆਂ। ਭੈੜਾ ਕਈ ਕੁੱਝ ਬੋਲਦਾ ਰਹਿੰਦੈ ਕਿ ਘਰ ਦਾ ਕਰਾਇਆ ਥੋੜੈ। ਤੁਸੀਂ ਘਰ ਦੀਆਂ ਚੀਜ਼ਾਂ ਤੋੜੀ ਭੰਨੀ ਰੱਖਦੇ ਓ। ਪਿੱਛੇ ਜਹੇ ਕਿਸੇ ਨੇ ਘਰ ਦੀ ਵਿੰਡੋ ਇੱਟ ਮਾਰਕੇ ਭੰਨ ਦਿੱਤੀ। ਮੈਂ ਜਦ ਵਿੰਡੋ ਪਾਉਣ ਬਾਰੇ ਗੱਲ ਕੀਤੀ ਤਾਂ ਕਹਿੰਦਾ, ''ਵਿੰਡੋਂ ਪਵਾਉਣ ਦੇ ਪੈਸੇ ਮੈਂ ਨਹੀਂ ਦੇਣੇ।'' ਮੈਂ ਕਿਹਾ, ''ਤੁਸੀਂ ਆਹ ਲਾਗਲੇ ਨੇਬਰਹੁੱਡ ਔਫਿਸ ਵਾਲਿਆਂ ਨਾਲ ਗੱਲ ਕਰਿਉ ਕਿ ਪਤਾ ਕਰਨ ਕਿ ਤੁਹਾਨੂੰ ਆਪਣਾ ਫਲੈਟ ਮਿਲਣ ਵਿਚ ਦੇਰੀ ਕਿਉਂ ਹੋ ਰਹੀ ਆ?'' ''ਚੱਲੋ ਇਹ ਤਾਂ ਮੈਂ ਕਰ ਲਊਂ। ਮੈਂ ਤੁਹਾਡੇ ਨਾਲ ਇੱਕ ਹੋਰ ਗੱਲ ਵੀ ਕਰਨੀ ਆ।'' ਮੈਂ ਕਿਹਾ, ''ਕਰੋ ਜੋ ਵੀ ਕਰਨੀ ਆ।'' ''ਅਸਲ 'ਚ ਮੈਂ ਆਪਣੇ ਖਾਵੰਦ ਦੇ ਖਿਲਾਫ ਕੁੱਛ ਕਰਨਾਂ ਚਾਹੁੰਦੀ ਆਂ। ਉਹਨੇ ਮੈਨੂੰ ਰੱਜ ਕੇ ਦੁੱਖੀ ਕੀਤੈ। ਮੈਨੂੰ ਕੁੱਟਦਾ ਮਾਰਦਾ ਰਿਹੈ। ਕੰਮ ਕੋਈ ਕਰਦਾ ਨਹੀਂ ਸੀ ਅਤੇ ਇਕ ਦੋ ਔਰਤਾਂ ਨਾਲ ਇਸ਼ਕ ਪੇਚੇ ਵੀ ਪਾਈ ਫਿਰਦਾ ਸੀ। ਇਹ ਸਾਰਾ ਕੁੱਛ ਤਾਂ ਮੈਂ ਅੱਖਾਂ ਮੀਟ ਬਰਦਾਸ਼ਤ ਕਰਦੀ ਰਹੀ ਆਂ ਪਰ ਮੇਰੇ ਤੋਂ ਆਪਣੀ ਕੁੜੀ ਦਾ ਦੁੱਖ ਨਹੀਂ ਝੱਲਿਆ ਜਾਂਦੈ।'' ''ਕੀ ਮਤਲਬ?'' ਮੈਂ ਪੁੱਛਿਆ। ''ਭਾਅ ਜੀ, ਮੈਨੂੰ ਤਾਂ ਦੱਸਦਿਆਂ ਵੀ ਸ਼ਰਮ ਆਉਂਦੀ ਆ ਕਿ ਕੋਈ ਇੰਨਾ ਵੀ ਗਿਰ ਸਕਦੈ।'' ਰਾਬੀਆ ਤੋਂ ਹੁਣ ਗੱਲ ਨਹੀਂ ਸੀ ਹੋ ਰਹੀ ਅਤੇ ਉਹਦੀਆਂ ਅੱਖਾਂ ਭਰ ਆਈਆਂ। ਨੀਲਮ ਵੀ ਇਹ ਸਭ ਕੁਝ ਸੁਣ ਰਹੀ ਸੀ। ਨੀਲਮ ਕਿਹਾ, ''ਰਾਬੀਆ ਹੌਸਲਾ ਕਰ। ਇਹ ਲੈ ਟਿਸ਼ੂ, ਆਪਣੀਆਂ ਅੱਖਾਂ ਸਾਫ ਕਰ ਲੈ। ਦੁਕਾਨ 'ਚ ਰੋਣਾਂ ਚੰਗਾ ਥੋੜੇ ਲੱਗਦਾ। ''ਹੁਣ ਮੈਨੂੰ ਮੁਖਾਤਬ ਹੁੰਦੇ ਨੀਲਮ ਕਿਹਾ, ''ਹਰੀਸ਼ ਤੂੰ ਰਾਬੀਆ ਨਾਲ ਖੂੰਜੇ। 'ਚ ਰੇਲਾਂ ਕੋਲ ਖੜ੍ਹ ਕੇ ਗੱਲ ਕਰ ਲੈ।''


ਅਸੀਂ ਕਾਉਂਟਰ ਤੋਂ ਪਰ੍ਹੇ ਚਲੇ ਗਏ। ਹੁਣ ਦੁਕਾਨ ਵਿਚ ਦੋ ਗਾਹਕ ਵੀ ਆ ਗਏ ਸਨ। ਰਾਬੀਆ ਦਾ ਗਚ ਭਰਿਆ ਸੀ ਅਤੇ ਮੈਂ ਉਹਨੂੰ ਇਸ ਹਾਲਤ ਵਿਚ ਛੱਡ ਕੇ ਵੀ ਜਾਣਾਂ ਨਹੀਂ ਸੀ ਚਾਹੁੰਦਾ। ਨਾਲੇ ਮੈਂ ਸੋਚਿਆ ਉਹਨੂੰ ਅੱਜ ਸਾਰਾ ਗੁੱਭ ਗੁਹਾਟ ਕੱਢ ਈ ਲੈਣ ਦਿਉ। ਰਾਬੀਆ ਕਿਹਾ, ''ਮੈਂ ਫੈਕਟਰੀ ਵਿਚ ਕੱਪੜੇ ਸੀਉਣ ਦਾ ਕੰਮ ਕਰਦੀ ਤੇ ਮੇਰਾ ਬਦਮਾਸ਼ ਖਾਵੰਦ ਬਦਮਾਸ਼ੀਆਂ ਕਰਦਾ ਰਹਿੰਦਾ। ਉਹਨੇ ਤਾਂ ਆਪਣੀ ਸਕੀ ਧੀ ਵੀ ਨਾ ਛੱਡੀ।'' ''ਕੀ ਮਤਲਬ?'' ਇਹ ਗੱਲ ਸੁਣ ਮੇਰੀਆਂ ਅੱਖਾਂ ਹੋਰ ਚੌੜੀਆਂ ਹੋ ਗਈਆਂ। ਰਾਬੀਆ ਫਿਰ ਰੋਣ ਲੱਗ ਪਈ। ਮੈਂ ਲਿਆ ਕੇ ਟਿਸ਼ੂ ਦਿੱਤੇ ਅਤੇ ਜਦ ਉਹ ਥੋੜ੍ਹਾ ਸੰਭਲੀ ਉਹਨੇ ਫਿਰ ਦੱਸਣਾ ਸ਼ੁਰੂ ਕਰ ਦਿੱਤਾ। ''ਮੇਰੀ ਬੱਚੀ ਉਦੋਂ 17 ਵਰ੍ਹਿਆਂ ਦੀ ਸੀ। ਉਹਦੇ ਪੇਟ ਵਿਚ ਮੇਰੇ ਖਾਵੰਦ ਦਾ ਬੱਚਾ ਪਲ ਰਿਹਾ ਸੀ। ਮੈਨੂੰ ਇਸ ਬਾਰੇ ਬਿਲਕੁਲ ਕੁੱਛ ਨਹੀਂ ਸੀ ਪਤਾ ਕਿ ਮੇਰੇ ਪਿੱਛੋਂ ਘਰ ਵਿਚ ਕੀ ਹੁੰਦੈ। ਮੇਰੀ ਅਣਭੋਲ ਬੱਚੀ ਨੂੰ ਇਸ ਜ਼ਾਲਮ ਨੇ ਐਨਾ ਡਰਾਇਆ ਹੋਇਆ ਸੀ ਕਿ ਉਹਨੇ ਮੈਨੂੰ ਇਸ ਕੁਕਰਮ ਬਾਰੇ ਦੱਸਿਆ ਤਕ ਨਾ।

ਇਹ ਤਾਂ ਮੈਨੂੰ ਉਸ ਦਿਨ ਪਤਾ ਲੱਗਾ ਜਿਸ ਦਿਨ ਮੇਰੀ ਬੱਚੀ ਲਹੂ ਲੁਹਾਣ ਹੋਈ ਪਈ ਸੀ। ਜਦੋਂ ਮੈਂ ਕੰਮ ਤੋਂ ਵਾਪਿਸ ਘਰ ਆਈ ਤਾਂ ਬੱਚੀ ਕੁਰਾਹ ਰਹੀ ਸੀ। ਮੇਰੇ ਤਾਂ ਹੱਥਾਂ ਪੈਰ੍ਹਾਂ ਦੀ ਪੈ ਗਈ। ਉਸ ਦਿਨ ਮੇਰੀ ਬੱਚੀ ਫੁੱਟ ਪਈ ਕਿ ਉਹਦੇ ਅੱਬਾ ਨੂੰ ਜਦ ਪਤਾ ਲੱਗਾ ਕਿ ਉਹਦਾ ਪਾਪ ਉਹਦੇ ਪੇਟ 'ਚ ਆ ਉਹਨੇ ਪੌੜੀਆਂ ਤੋਂ ਉਪਰੋਂ ਧੱਕਾ ਦੇ ਦਿੱਤਾ ਕਿ ਬੱਚਾ ਗਿਰ ਜਾਵੇ ਅਤੇ ਗੱਲ ਖਤਮ ਹੋ ਜਾਵੇ। ਮੇਰੀ ਤਾਂ ਸੁੱਧ ਬੁੱਧ ਮਾਰੀ ਗਈ। ਮੈਂ ਐਂਬੂਲਿਸ ਨੂੰ ਫੋਨ ਕਰਕੇ ਬੱਚੀ ਨੂੰ ਹਸਪਤਾਲ ਲੈ ਗਈ। ਉਥੇ ਡਾਕਟਰਾਂ ਨੂੰ ਇਹ ਈ ਦੱਸਿਆ ਕਿ, ''ਪੈਰ ਫਿਸਲਣ ਨਾਲ ਗਿਰ ਗਈ ਸੀ।'' ਅੱਲਾ ਇਸ ਮੁਲਕ ਅਤੇ ਡਾਕਟਰਾਂ ਦੀ ਖੈਰ ਕਰੇ!

ਮੇਰੀ ਬੱਚੀ ਦੀ ਜਾਨ ਬਚ ਗਈ। ਦੋ ਹਫਤੇ ਹਸਪਤਾਲ ਰਹਿਣ ਬਾਦ ਮੇਰੀ ਬੱਚੀ ਵਾਪਿਸ ਘਰ ਆਈ। ਪਰ ਡਾਕਟਰਾਂ ਸਾਫ ਕਹਿ ਦਿੱਤਾ ਕਿ, 'ਅਸੀਂ ਪੂਰੀ ਕੋਸ਼ਿਸ਼ ਕੀਤੀ ਆ ਕਿ ਬੱਚੀ ਦੀ ਸੇਹਤ ਠੀਕ ਠਾਕ ਰਹੇ ਪਰ ਸ਼ਾਇਦ ਇਹਦੇ ਅੱਗੇ ਤੋਂ ਕੋਈ ਬੱਚਾ ਨਾਂ ਹੋ ਸਕੇ।'' ਮੇਰੀਆਂ ਅੱਖਾਂ ਨਮ ਹੋ ਗਈਆਂ ਸਨ। ਮੈਂ ਹੌਸਲਾ ਕਰਕੇ ਪੁੱਛਿਆ ''ਰਾਬੀਆ ਤੇਰੇ ਜਾਲ਼ਮ ਅਤੇ ਲੁੱਚੇ ਖਾਵੰਦ ਦਾ ਕੀ ਬਣਿਐ?''

''ਉਹਦਾ ਕੀ ਬਨਣਾ ਸੀ। ਉਹ ਘਰ ਛੱਡ ਕੇ ਦੌੜ ਗਿਆ।'' ''ਪਰ ਰਾਬੀਆ ਤੂੰ ਪੁਲੀਸ ਨੂੰ ਸਭ ਕੁੱਝ ਦੱਸਣਾ ਸੀ।'' ''ਘਰ ਦੀ ਬਦਨਾਮੀ ਦੁਖੋਂ ਮੈਂ ਕੁੱਝ ਨਹੀਂ ਕੀਤਾ। ਮੈਂ ਸੋਚਿਆ ਭਾਈਚਾਰੇ ਵਿਚ ਤੋਏ ਤੋਏ ਹੋਵੇਗੀ। ਨਾਲੇ ਬੱਚੀ ਦਾ ਸੁਆਲ ਆ। ਉਹਦਾ ਕਿਤੇ ਵਿਆਹ ਵੀ ਤਾਂ ਕਰਨੈ।'' ''ਤੇ ਹੁਣ ਬੱਚੀ ਦਾ ਕੀ ਹਾਲ ਆ?'' ''ਹੁਣ ਤਾਂ ਜੀ ਉਹ ਵਿਆਹੀ ਵਰ੍ਹੀ ਗਈ। ਇਹ ਤਾਂ ਅੱਲ੍ਹਾ ਦੀ ਮੇਹਰ ਆ। ਉਹਦੇ ਦੋ ਬੱਚੇ ਆ। ਮੇਰੀ ਬੱਚੀ ਆਪਣੇ ਘਰ ਖੁਸ਼ ਆ। ਪਰ ਜੇਹੜੀ ਗੱਲ ਮੇਰੇ ਦਿਲ ਦਿਮਾਗ ਨੂੰ ਖਰੇਦਦੀ ਆ ਕੀ ਮੇਰੇ ਖਾਵੰਦ ਨੂੰ ਕੁੱਝ ਨਹੀਂ ਕੀਤਾ ਜਾ ਸਕਦੈ?'' ''ਕਿਉਂ ਨਹੀਂ ਕੀਤਾ ਜਾ ਸਕਦੈ? ਜੇਕਰ ਤੁਹਾਡੀ ਬੱਚੀ ਸਾਰੀ ਗੱਲਬਾਤ ਸੱਚੋ ਸੱਚ ਪੁਲੀਸ ਨੂੰ ਦੱਸ ਦੇਵੇ ਤਾਂ ਪੁਲੀਸ ਐਕਸ਼ਨ ਲੈ ਸਕਦੀ ਆ। ਇਹ ਮੁਲਕ ਕਿਹੜਾ ਇੰਡੀਆ ਜਾਂ ਪਾਕਿਸਤਾਨ ਆ ਜਿਥੇ ਦੀ ਪੁਲੀਸ ਖੁਦ ਬਦਮਾਸ਼ ਆ ਅਤੇ ਇੱਕ ਸਰਕਾਰੀ ਰਿਪੋਰਟ ਮੁਤਾਬਕ 75 ਪ੍ਰਤੀਸ਼ਤ ਬਲਾਤਕਾਰ ਦੇ ਕੇਸ ਇੰਡੀਅਨ ਪੁਲੀਸ ਖੁਦ ਕਰਦੀ ਆ। ਮੇਰਾ ਖਿਆਲ ਆ ਪਾਕਿਸਤਾਨੀ ਪੁਲੀਸ ਵੀ ਐਹੋ ਜੇਹੀ ਈ ਹੋਣੀ ਆ। ਤੁਸੀਂ ਪਹਿਲਾਂ ਆਪਣੀ ਬੱਚੀ ਨਾਲ ਸਾਰੀ ਸਲਾਹ ਕਰ ਲਉ ਕਿਉਂਕਿ ਇਹ ਨਾਂ ਹੋਵੇ ਕਿ ਉਹਦਾ ਵਸਦਾ ਰਸਦਾ ਘਰ ਵੀ ਤਬਾਹ ਹੋ ਜਾਵੇ। ਗੱਲ ਜਦ ਅਖ਼ਬਾਰਾਂ ਵਿਚ ਆਈ ਤਾਂ ਭਾਈਚਾਰੇ 'ਚ ਵੀ ਪਤਾ ਲੱਗੇਗਾ।'' ਮੇਰੀਆਂ ਗੱਲਾਂ ਸੁਣ ਰਾਬੀਆ ਖਾਮੋਸ਼ ਹੋ ਗਈ ਅਤੇ ਕੁੱਝ ਦੇਰ ਬਾਦ ਬੋਲੀ, ''ਅੱਛਾ ਮੈਂ, ਆਪਣੀ ਬੱਚੀ ਨਾਲ ਸਲਾਹ ਕਰਾਂਗੀ।'' ਇਸ ਤੋਂ ਬਾਦ ਰਾਬੀਆ ਮੇਰੇ ਨਾਲ ਕਦੇ ਸੰਪਰਕ ਨਾ ਕੀਤਾ ਅਤੇ ਇੱਕ ਦਿਨ ਨੀਲਮ ਦੱਸ ਰਹੀ ਸੀ ਕਿ ਰਾਬੀਆ ਕੰਮ ਛੱਡ ਕੇ ਹੁਣ ਪਤਾ ਨਹੀਂ ਕਿੱਥੇ ਚਲੀ ਗਈ ਆ।

- ਡਾ : ਹਰੀਸ਼ ਮਲਹੋਤਰਾ ਬ੍ਰਮਿੰਘਮ







(ਮਿੰਨੀ ਕਹਾਣੀ)

# ਡਿਊਟੀ



**"ਵਹਿਗੁਰੂ ਜੀ ਪ੍ਰਸ਼ਾਦਾ।"**
**"ਨਹੀਂ ਬਸ ਬਹੁਤ ਐ।"**
**"ਵਹਿਗੁਰੂ ਜੀ ਇਕ ਤਾਂ ਲਵੋ , ਸਵੇਰ ਦੇ ਭੁੱਖੇ ਹੋਵੋਗੇ।"**

ਦਿੱਲੀ ਵਿਖੇ ਕਿਸਾਨੀ ਅੰਦੋਲਨ ਵਿੱਚ ਲੰਗਰ ਛਕਦੇ ਇਕ ਪੁਲਿਸ ਵਾਲੇ ਨੇ , ਲੰਗਰ ਵਰਤਾਉਣ ਵਾਲੇ ਇਕ ਨਰਮ ਜਿਹੇ ਲੜਕੇ ਦੇ ਇਹ ਮਿੱਠੇ ਬੋਲ ਸੁਣਕੇ ,ਉਤਾਂਹ ਨਿਗਾਹ ਮਾਰ ਕੇ ਲੜਕੇ ਨੂੰ ਪਛਾਣਦਿਆਂ ਮਨ ਹੀ ਮਨ ਵਿੱਚ ਕਿਹਾ, "ਹੈਂ ! ਇਹ ਤਾਂ ਉਹ ਹੀ ਲੜਕਾ ਹੈ ਜਿਸਨੂੰ ਹੁਣੇ ਹੁਣੇ ਲਾਠੀਚਾਰਜ ਸਮੇਂ ਮੈਂ ਡਾਂਗ ਨਾਲ ਬੁਰੀ ਤਰ੍ਹਾਂ ਕੁੱਟਿਆ ਸੀ,ਪਰ ਇਹ ਬੜੇ ਪਿਆਰ ਨਾਲ ਮੈਨੂੰ ਹੋਰ ਪ੍ਰਸ਼ਾਦਾ ਲੈਣ ਲਈ ਮਜਬੂਰ ਕਰ ਰਿਹਾ ਹੈ।" ਸੋਚਦਿਆਂ ਉਸ ਦਾ ਮਨ ਭਰ ਆਇਆ।ਪ੍ਰਸ਼ਾਦਾ ਵਰਤਾਉਣ ਵਾਲੇ ਲੜਕੇ ਨੇ, ਜਿਸਨੇ ਉਸਨੂੰ ਪਹਿਲਾਂ ਹੀ ਪਛਾਣ ਲਿਆ ਸੀ, ਉਸ ਦੀ ਹਾਲਤ ਵੇਖਦਿਆਂ ਕਿਹਾ, "ਵਹਿਗੁਰੂ ਜੀ ਕੋਈ ਗਲ ਨੀ, ਤੁਸੀਂ ਆਰਾਮ ਨਾਲ ਪ੍ਰਸ਼ਾਦਾ ਛਕੋ, ਤੁਹਾਡੀ ਪੁਲਿਸ ਵਾਲਿਆਂ ਦੀ ਆਪਣੀ ਡਿਊਟੀ ਹੈ ਤੇ ਸਾਡੀ ਆਪਣੀ।"

**ਹਰੀ ਸਿੰਘ ਚਮਕ**
**ਫਤਿਹਗੜ੍ਹ ਸਾਹਿਬ**
**ਔਕਲੈਂਡ (ਨਿਊਜ਼ੀਲੈਂਡ)**
**ਮੋ:+919317831521**



# ਬਦਲ

**ਬੰਦਾ ਬੰਦੇ ਨੂੰ ਖਾਈ ਜਾਂਦਾ**
**ਧੋਖਾਧੜੀ,ਚੋਰੀ ਡਕੈਤੀ**
**ਹੋ ਗਏ,ਹੁਣ ਕੁਝ ਪੁਰਾਣੇ**
**ਬਹਿ ਕੇ ਗੋਦ ਚ ਆਪਣਿਆਂ ਦੇ**
**ਵੇਖੋ ਦਾੜ੍ਹੀ ਲਾਹੀ ਜਾਂਦਾ ।**
**ਲੈ ਕੇ ਰਾਜ ਅੰਦਰ ਦੇ**
**ਅੰਦਰੋਂ ਹੀ ਛੁਰੀ ਚਲਾਈ ਜਾਂਦਾ।**
**ਭੁੱਖਾ ਮਰਦਾ , ਕੱਢੇ ਤਰਲੇ**
**ਕਰ ਤਰਸ ਜਿਸ ਦਿੱਤੀ ਰੋਟੀ**
**ਫੇਰ ਹੱਥ ਫਿਰ ਢਿੱਡੀਂ ਇਹ**
**ਥਾਲੀ ਛੇਕ ਬਣਾਈ ਜਾਂਦਾ।**
**ਕਦੇ ਮੂੰਹ ਚ ਜ਼ਬਾਨ ਹੀ ਨਹੀਂ ਸੀ**
**ਸੱਤੀਂ ਵੀਹੀਂ ਸੌ ਬਣਾ ਅੱਜ**
**ਚਤਰਾਈਆਂ ਦੀ ਬੰਨ ਪੰਡ**
**ਕਰੀ ਦੂਣ ਸਵਾਈ ਜਾਂਦਾ।**
**ਨਿੱਤ ਨਵਾਂ ਇਸ ਸਵਾਂਗ ਰਚਾਇਆ**
**ਮੰਦਰ,ਮਸਜਿਦ ਛਡਿਆ ਨਾ ਕੁਝ**
**ਮੰਤਰ ਪੜ ,ਚਾਰ,ਪੁੱਠੇ ਸਿੱਧੇ**
**ਰੱਬ ਨੂੰ ਹੀ ਭਵਾਈ ਜਾਂਦਾ।**
**ਰੱਬ ਨੂੰ ਇਹ ਸੱਦਕੇ ਟੱਬ**
**ਕਰੇ ਡਫਾਂਗ ਇਹ ਟੀਸੀਉਂ ਉੱਚੇ**
**ਹੱਡੀਂ ਰਚ ਨਮਾਣਿਆਂ ਦੇ ਫਿਰ**
**ਜੜੀਂ ਛੁਰੀ ਚਲਾਈ ਜਾਂਦਾ।**

**ਨਰੇਸ਼ ਕੁਮਾਰੀ ਸ਼ਰਮਾ**
**+02041755894**

# LEGAL ASSOCIATES
NOTARY PUBLIC
BARRISTERS & SOLICITORS

09 279 9439
09 279 9419

31 East Tamaki Road, Level 1,
Papatoetoe, Auckland 2025

PO BOX 200170,
Papatoetoe Central, Auckland 2156

## About Legal Associates

Legal Associates was rooted by Raj and Ashima Singh in September 2014. Since, both Raj and Ashima were from a migrant background they identified a need for specialised legal service and legal knowledge amongst the migrant communities.

What they realised was that there was a lack of awareness around legal responsibilities, obligations and rights which had created a gap between migrant communities and their ability to smoothly transition into settling in New Zealand and achieving their dreams.

Since then, Legal Associates has identified itself as a firm which truly understands the concerns of many migrants along with the local community members and aim to bridge that gap. The team here holds a zeal for finding solutions and are able to transcend cultural and language barriers to provide quality legal advice to its clients.



## Awards & Accolades

- Inaugural Ethnic Women's Awards: Inspiring Ethnic Business Woman 2022
- Rotary Club of Papatoetoe Central Recognition Award 2021
- Indian Newslink Community Award : Exceptional services to communities 2019
- Indian Newslink Sports & Community Awards: Dr. Robert Khan (Senior) Special Commemorative Award 2018
- Rotary Papatoetoe Central Club Indian Diaspora Award 2018
- Indian Business Awards : Supreme Business of the Year 2018
- Indian Business Awards : Business Excellence in Marketing 2018
- Westpac Auckland Business Awards : Finalist for Strategy & Planning 2018
- Westpac Auckland Business Awards : Finalist for People's choice 2018
- Westpac Auckland Business Awards : Finalist for Employer of the year choice 2018
- Indian Business Awards : Best Medium Sized Business 2017
- Indian Business Awards : Best Employer of Choice 2017
  Westpac Auckland Business Awards : Finalist for Best Emerging Business 2017
- Indian Business Awards : Businesswoman of the Year 2016





LEGAL ASSOCIATES
NOTARY PUBLIC · BARRISTERS & SOLICITORS

Incredible Achievement of Serving
**10,000**
Clients

LEGAL ASSOCIATES
NOTARY PUBLIC
BARRISTERS & SOLICITORS

**Ashima Singh is the first lawyer of Indian origin to become Notary Public in New Zealand!**





## OUR SERVICES

**Conveyancing**
Providing astute legal advice for your commercial or residential property matters.

**Courts & Tribunals**
Guidance on making major and serious decisions that will affect you and your family.

**Immigrate to New Zealand**
Tailoring strategic legal solutions to help you make the move to New Zealand.

**Commercial**
Strategizing expert advice in property, finance and business matters.

**Employment**
Delivering sound legal instruction when dealing with workplace disputes.

**Criminal**
Advising and representing your needs in various areas of criminal law.

**Notary Services:**
As Notary Public, Ashima can sign and seal your documents that you are asked to provide for overseas use such as to government agencies, courts, and for commercial contracts. Some documents that require to be notarised for overseas use are:

- Powers of Attorney
- Affidavits and Declarations
- Property Documents
- Commercial Documents
- Identification Documents
- Academic Records
- Translation Documents

**Legal Clinic:**
Legal Associates offers FREE legal consultation for 2 hrs on every Saturday, 10AM-12PM.

# ਭਾਰਤ ਦੇ ਜਾਤੀਗਤ ਅੰਕੜੇ ਜਾਣਨਾ ਜ਼ਰੂਰੀ : ਰਾਹੁਲ ਗਾਂਧੀ

ਨਵੀਂ ਦਿੱਲੀ – ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਬਿਹਾਰ ‘ਚ ਜਾਤੀ ਆਧਾਰਤ ਗਣਨਾ ਦੇ ਅੰਕੜੇ ਸਾਹਮਣੇ ਆਉਣ ਤੋਂ ਬਾਅਦ ਸੋਮਵਾਰ ਨੂੰ ਕਿਹਾ ਕਿ ਦੇਸ਼ ਦੇ ਜਾਤੀਗਤ ਅੰਕੜੇ ਜਾਣਨਾ ਜ਼ਰੂਰੀ ਹੈ ਅਤੇ ਜਿਨ੍ਹਾਂ ਦੀ ਜਿੰਨੀ ਆਬਾਦੀ ਹੈ, ਉਨ੍ਹਾਂ ਨੂੰ ਉਨ੍ਹਾਂ ਦਾ ਓਨਾ ਹੱਕ ਮਿਲਣਾ ਚਾਹੀਦਾ। ਉਨ੍ਹਾਂ ਨੇ ‘ਐਕਸ’ ‘ਤੇ ਪੋਸਟ ਕੀਤਾ,”ਬਿਹਾਰ ਦੀ ਜਾਤੀਗਤ ਜਨਗਣਨਾ ਤੋਂ ਪਤਾ ਲੱਗਾ ਹੈ ਕਿ ਉੱਥੇ ਓ.ਬੀ.ਸੀ., ਐੱਸ.ਸੀ. ਅਤੇ ਐੱਸ.ਟੀ. 84 ਫ਼ੀਸਦੀ ਹੈ।

ਕੇਂਦਰ ਸਰਕਾਰ ਦੇ 90 ਸਕੱਤਰਾਂ ‘ਚੋਂ ਸਿਰਫ਼ 3 ਓ.ਬੀ.ਸੀ, ਹਨ, ਜੋ ਭਾਰਤ ਦਾ ਸਿਰਫ਼ 5 ਫ਼ੀਸਦੀ ਬਜਟ ਸੰਭਾਲਦੇ ਹਨ!”ਰਾਹੁਲ ਨੇ ਕਿਹਾ,”ਇਸ ਲਈ ਭਾਰਤ ਦੇ ਜਾਤੀਗਤ ਅੰਕੜੇ ਜਾਣਨਾ ਜ਼ਰੂਰੀ ਹੈ। ਜਿੰਨੀ ਆਬਾਦੀ, ਓਨਾ ਹੱਕ- ਇਹ ਸਾਡਾ ਪ੍ਰਣ ਹੈ।” ਬਿਹਾਰ ਸਰਕਾਰ ਨੇ ਸੋਮਵਾਰ ਨੂੰ ਲੰਬੇ ਸਮੇਂ ਤੋਂ ਉਡੀਕੇ ਜਾ ਰਹੇ ਜਾਤੀ ਆਧਾਰਤ ਗਣਨਾ ਦੇ ਨਤੀਜੇ ਜਾਰੀ ਕੀਤੇ, ਜਿਸ ‘ਚ ਖ਼ੁਲਾਸਾ ਹੋਇਆ ਕਿ ਹੋਰ ਪਿਛੜਾ ਵਰਗ (ਓ.ਬੀ.ਸੀ.) ਅਤੇ ਬੇਹੱਦ ਪਿਛੜਾ ਵਰਗ (ਈ.ਬੀ.ਸੀ.) ਰਾਜ ਦੀ ਕੁੱਲ ਆਬਾਦੀ ਦਾ 63 ਫ਼ੀਸਦੀ ਹੈ।

ਬਿਹਾਰ ਦੇ ਵਿਕਾਸ ਕਮਿਸ਼ਨਰ ਵਿਵੇਕ ਸਿੰਘ ਵਲੋਂ ਇੱਥੇ ਜਾਰੀ ਅੰਕੜਿਆਂ ਅਨੁਸਾਰ, ਰਾਜ ਦੀ ਕੁੱਲ ਜਨਸੰਖਿਆ 13.07 ਕਰੋੜ ਤੋਂ ਵੱਧ ਹੈ, ਜਿਸ ‘ਚੋਂ 36 ਫ਼ੀਸਦੀ ਨਾਲ ਈ.ਬੀ.ਸੀ. ਸਭ ਤੋਂ ਵੱਡਾ ਸਮਾਜਿਕ ਵਰਗ ਹੈ। ਇਸ ਤੋਂ ਬਾਅਦ ਓ.ਬੀ.ਸੀ. 27.13 ਫ਼ੀਸਦੀ ਹੈ।

ਕਾਂਗਰਸ ਨੇ ਅੱਜ ਦਾਅਵਾ ਕੀਤਾ ਕਿ ਬਿਹਾਰ ਜਾਤੀ ਜਨਗਣਨਾ ਦੇ ਨਤੀਜੇ ਜਨਤਕ ਹੋਣ ਤੋਂ ਬਾਅਦ ਭਾਜਪਾ ਬੁਖਲਾ ਗਈ ਹੈ। ਕਾਂਗਰਸ ਨੇ ਕੇਂਦਰ ਦੀ ਭਾਜਪਾ ਸਰਕਾਰ ’ਤੇ ਸਾਢੇ ਨੌਂ ਸਾਲ ਤੱਕ ਪੱਛੜੇ ਵਰਗਾਂ ਨੂੰ ਧੋਖਾ ਦੇਣ ਦਾ ਦੋਸ਼ ਵੀ ਲਾਇਆ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦੋਸ਼ ਲਾਇਆ ਕਿ ਭਾਜਪਾ ਲੋਕਾਂ ਨੂੰ ਸਮਾਜਿਕ ਨਿਆਂ ਦੇਣ ਤੋਂ ਭੱਜ ਰਹੀ ਹੈ ਅਤੇ ਇਸੇ ਲਈ ਉਹ ਸਾਰੇ ਦੇਸ਼ ’ਚ ਜਾਤੀ ਜਨਗਣਨਾ ਨਹੀਂ ਕਰਵਾ ਰਹੀ। ਉਨ੍ਹਾਂ ਐਕਸ ’ਤੇ ਲਿਖਿਆ, ‘ਜੋ ਦੇਸ਼ ਦੀ ਸਾਰੀ ਜਾਇਦਾਦ ਆਪਣੇ ਖਾਸ ਮਿੱਤਰਾਂ ਦੇ ਹੱਥਾਂ ਵਿਚ ਸੌਂਪ ਰਹੇ ਹਨ, ਜਿਹਨਾਂ ਮਨਰੇਗਾ ਦਾ ਮਜ਼ਾਕ ਉਡਾਇਆ, ਜਿਹਨਾਂ ਕੋਵਿਡ ਸਮੇਂ ਮਜ਼ਦੂਰਾਂ ਨੂੰ ਹਜ਼ਾਰਾਂ ਕਿਲੋਮੀਟਰ ਪੈਦਲ ਚੱਲਣ ਲਈ ਮਜਬੂਰ ਕੀਤਾ, ਜਿਹਨਾਂ ਖ਼ੁਰਾਕ ਸੁਰੱਖਿਆ ਐਕਟ ਦਾ ਵਿਰੋਧ ਕੀਤਾ ਉਹ ਅੱਜ ਗਰੀਬਾਂ ਦੀ ਗੱਲ ਕਰ ਰਹੇ ਹਨ। ਸੱਚ ਇਹ ਹੈ ਕਿ ਇਹ ਡਰੇ ਹੋਏ ਹਨ। ਪਿਛਲੇ 9.5 ਸਾਲਾਂ ’ਚ ਇਨ੍ਹਾਂ ਪੱਛੜੇ ਵਰਗ ਨਾਲ ਧਰੋਹ ਕੀਤਾ ਹੈ।





# ਸਰਹਦੋ ਪਾਰ ਲਾਹੌਰ ਵੱਸਦਾ



ਦੋਸਤ ਬਣਿਆਂ ਇਕ ਖਾਨ ਸਾਹਿਬ
ਸਰਹਦੋ ਪਾਰ ਓਹਦਾ ਬਸੇਰਾ
ਮੈਨੂੰ ਫ਼ਰਕ ਕੋਈ ਨਾ ਜਾਪਦਾ
ਜਦ ਓ ਪੰਜਾਬੀ ਬੋਲਦਾ
ਸਿੱਖ ਹਾਂ ਯਾ ਮੁਸਲਮਾਨ
ਭੇਦ ਕੋਈ ਨਾ ਓ ਰੱਖਦਾ
ਰੰਗ ਰੂਪ ਸਾਡਾ ਇੱਕੋ ਜਿਹਾ
ਓ ਰੰਗ ਖ਼ੂਨ ਦਾ ਵੀ ਲਾਲ ਦੱਸਦਾ
ਦੂਆ ਓ ਮਸਜਿਦ ਚ ਕਰਦਾ
ਤੇ ਵਾਹਿਗੁਰੂ ਮੇਰੀ ਭਲੀ ਕਰਦਾ
ਕੀ ਚੜ੍ਹਦਾ ਕੀ ਤੇ ਕੀ ਲਹਿੰਦਾ
ਹੁੰਦਾ ਸੀ ਪੰਜਾਬ ਇਕੋ ਦੱਸਦਾ
ਨਿੱਤ ਕਵਿਤਾ ਯੂ ਟਿਊਬ ਤੇ ਸੁਣਦਾ
ਆਸ਼ਿਕ ਹੋਇਆ ਓ ਅਲਫਾਜ਼ਾਂ ਦਾ
ਲਾਹੌਰ ਚ ਬੈਠਾ ਲੱਭਦਾ ਰਹਿੰਦਾ
ਲਿੱਖ ਨਾਮ ਸਤਿੰਦਰ ਘਰਾਚੋਂ ਦਾ
ਸਾਹਿਬ ਮੇਰਾ ਮਿਹਰਬਾਨ

**ਸਤਿੰਦਰ ਘਰਾਚੋਂ**

**02041040905**



# ਭਾਰਤ ਤੋਂ ਨਿਊਜ਼ੀਲੈਂਡ ਪਹੁੰਚ ਰਹੇ ਵਿਦਿਆਰਥੀਆਂ ਦੀ ਜ਼ਿੰਦਗੀ

ਭਾਰਤ ਵਿੱਚ ਜਾਂ ਖਾਸ ਤੌਰ 'ਤੇ ਪੰਜਾਬ ਵਿੱਚ ਨੌਕਰੀ ਨਾ ਮਿਲਣ, ਪੰਜਾਬ ਦੇ ਮੁੱਖ ਕਿੱਤੇ ਖੇਤੀਬਾੜੀ ਵਿੱਚ ਸਰਕਾਰ ਵਲੋਂ ਫਸਲਾਂ ਦੇ ਵਾਜਬ ਭਾਅ ਨਾ ਮਿਲਣ ਕਾਰਨ ਅਤੇ ਤਕਰੀਬਨ ਹਰ ਕੰਮ ਕਰਵਾਉਣ ਵੇਲੇ ਰਿਸ਼ਵਤ ਦੀ ਮੰਗ ਕੀਤੇ ਜਾਣ ਕਾਰਨ ਨੌਜਵਾਨ ਭਾਰਤ ਛੱਡਣ ਦਾ ਫੈਸਲਾ ਕਰਦੇ ਹਨ। ਉਨਾਂ ਵਿੱਚੋਂ ਬਹੁਤ ਥੋੜੀ ਗਿਣਤੀ ਹੈ ਜੋ ਵਿਦੇਸ਼ਾਂ ਵਿੱਚੋਂ ਪੜ ਕੇ ਭਾਰਤ ਜਾ ਕੇ ਨੌਕਰੀ ਜਾਂ ਰੋਜ਼ਗਾਰ ਕਰਨਾ ਚਾਹੁੰਦੀ ਹੈ ਅਤੇ ਜ਼ਿਆਦਾ ਗਿਣਤੀ ਵਿਦੇਸ਼ ਵਿੱਚ ਪੜ ਕੇ ਉੱਥੇ ਹੀ ਪੱਕੇ ਤੌਰ 'ਤੇ ਵਸਣਾ ਚਾਹੁੰਦੀ ਹੈ।

ਭਾਰਤ ਵਿੱਚੋਂ ਜਾਣ ਵੇਲੇ ਵੀ ਉਨਾਂ ਵਿੱਚੋਂ ਬਹੁਤਿਆਂ ਦਾ ਮੁੱਖ ਮਕਸਦ ਵਿਦੇਸ਼ ਵਿੱਚ ਜਾ ਕੇ ਪੜਨਾ ਨਹੀਂ ਹੁੰਦਾ ਸਗੋਂ ਕੰਮ ਕਰਨਾ ਹੁੰਦਾ ਹੈ ਪਰ ਭਾਰਤ ਵਿੱਚੋਂ ਹੋਰ ਕਿਸੇ ਤਰਾਂ ਵੀ ਵਿਦੇਸ਼ ਜਾਣਾ ਸੌਖਾ ਨਹੀਂ ਹੁੰਦਾ। ਵਿਦੇਸ਼ੀ ਮੁਲਕ ਵਿਦਿਆਰਥੀਆਂ ਨੂੰ ਸੱਦਣ ਲਈ ਪਹਿਲ ਦਿੰਦੇ ਹਨ ਕਿਉਂਕਿ ਨਿਊਜ਼ੀਲੈਂਡ ਵਰਗੇ ਮੁਲਕ ਦੀ ਇਕੋਨਮੀ (**Economy**) ਹੀ ਵਿਦਿਆਰਥੀਆਂ ਵਲੋਂ ਮੁਲਕ ਵਿੱਚ ਲਿਆਂਦੇ ਪੈਸੇ ਨਾਲ ਚੱਲਦੀ ਹੈ। ਉਸ ਦੇ ਨਾਲ-ਨਾਲ ਵਿਦਿਆਰਥੀ ਨਿਊਜ਼ੀਲੈਂਡ ਆ ਕੇ ਪੜਾਈ ਦੇ ਨਾਲ ਥੋੜਾ ਕੰਮ ਵੀ ਕਰਦੇ ਹਨ ਜਿਸ ਨਾਲ ਸਰਕਾਰ ਨੂੰ ਟੈਕਸ ਜਾਂਦਾ ਹੈ। ਜਿੰਨਾ ਪੈਸਾ ਖਾਣ ਪੀਣ, ਪਹਿਨਣ ਅਤੇ ਕਾਰਾਂ ਦੀ ਖਰੀਦੋ ਫਰੋਖਤ'ਤੇ ਲਗਾਉਂਦੇ ਹਨ ਉਸ ਵਿੱਚੋਂ ਵੀ ਸਰਕਾਰ ਨੂੰ ਜੀ.ਐਸ.ਟੀ. ਜਾਂਦੀ ਹੈ। ਜਿਹੜਾ ਪੈਸਾ ਬੈਂਕਾਂ ਵਿੱਚ ਜਮਾਂ ਕਰਵਾ ਕੇ ਰੱਖਦੇ ਹਨ ਉਸ ਦੇ ਵਿਆਜ਼ ਵਿੱਚੋਂ ਵੀ ਟੈਕਸ ਸਰਕਾਰ ਨੂੰ ਜਾਂਦਾ ਹੈ।

ਨਿਊਜ਼ੀਲੈਂਡ ਵਿੱਚ ਵੱਡੀ ਉਮਰ ਦੇ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਭਾਵ ਨੌਜਵਾਨ ਪੀੜੀ ਨਾਲੋਂ 62 ਸਾਲ ਦੇ ਲੋਕ ਵੱਧ ਹਨ। ਉਹ 62 ਸਾਲ ਦੇ ਲੋਕ ਰਿਟਾਇਰ ਹੋਣ ਵਾਲੇ ਹਨ ਅਤੇ ਉਨਾਂ ਵਿੱਚੋਂ ਬਹੁਤ ਸਕਿਲਡ ਵਰਕਰ ਹਨ। ਇਨਾਂ ਵਿੱਚ ਬਹੁਤ ਸਾਰੇ ਮਕੈਨਿਕ, ਬਿਲਡਰ, ਪਲੰਬਰ, ਪੇਂਟਰ, ਫਾਰਮਰ, ਟ੍ਰੈਕਟਰ ਡਰਾਈਵਰ, ਇਲੈਕਟ੍ਰੀਸ਼ਨ, ਕਾਰਪੈਟ ਲੇਅਰ, ਵਾਇਨਲ ਲੇਅਰ, ਫੋਰਕਲਿਫਟ ਡਰਾਈਵਰ, ਬਾਗਬਾਨੀ ਦੇ ਮਾਹਿਰ ਅਤੇ ਟਰੱਕ ਡਰਾਈਵਰ ਹਨ। ਇਹ ਕੰਮ ਔਖੇ ਹੋਣ ਕਰਕੇ ਇਨਾਂ ਦੀ ਨਵੀਂ ਪੀੜੀ ਨੇ ਇਹ ਕਿੱਤਿਆਂ ਦੀ ਟਰੇਨਿੰਗ ਨਹੀਂ ਲਈ ਅਤੇ ਨਾ ਹੀ ਉਹ ਇਨਾਂ ਕਿੱਤਿਆਂ ਵਿੱਚ ਪੈਣਾ ਚਾਹੁੰਦੇ ਹਨ। ਇਨਾਂ ਦੀ ਨਵੀਂ ਪੀੜੀ ਬਿਜਨੇਸ ਮੈਨੇਜਮੈਂਟ, ਵਕੀਲ, ਅਕਾਊਂਟੈਂਟ, ਮੌਰਗੇਜ ਬ੍ਰੋਕਰ, ਇੰਸ਼ੋਰੈਂਸ ਬ੍ਰੋਕਰ, ਜੱਜ, ਨੋਟਰੀ, ਡਾਕਟਰ, ਡੈਂਟਿਸਟ, ਬੈਂਕ ਮੈਨੇਜਰ, ਰਿਸੈਪਸ਼ਨਿਸਟ ਆਦਿ ਦੇ ਕੰਮਾਂ ਵਿੱਚ ਪੈ ਗਈ ਹੈ। ਉਸ ਦੀ ਵਜਾ ਹੈ ਕਿ ਇਹ ਕੰਮ ਵਾਈਟ ਕਾਲਰ ਜੌਬ ਵਿੱਚ ਆਉਂਦੇ ਹਨ ਅਤੇ ਇਨਾਂ ਵਿੱਚ ਮਿੱਟੀ ਨਾਲ ਮਿੱਟੀ ਨਹੀਂ ਹੋਣਾ ਪੈਂਦਾ। ਇਹ 62 ਸਾਲਾਂ ਦੇ ਸਾਰੇ ਵਿਅਕਤੀ ਰਿਟਾਇਰ ਹੋਣ ਵਾਲੇ ਹਨ ਅਤੇ ਇਨਾਂ ਦੀ ਜਗਾ ਸਰਕਾਰ ਨੂੰ ਨੌਜਵਾਨ ਪੀੜੀ ਦੀ ਲੋੜ ਹੈ ਜੋ ਇਨਾਂ ਵਾਲੇ ਕਿੱਤੇ ਕਰ ਸਕੇ। ਨਿਊਜ਼ੀਲੈਂਡ ਵਿੱਚ ਬੇਰੋਜ਼ਗਾਰੀ ਸਿਰਫ 6% ਦੇ ਲਾਗੇ ਹੈ। ਇਸ ਕਰਕੇ ਸਰਕਾਰ ਦੀ ਇਹ ਲੋੜ ਨਿਊਜ਼ੀਲੈਂਡ ਵਿੱਚੋਂ ਪੂਰੀ ਨਹੀਂ ਹੋ ਸਕਦੀ।

ਭਾਰਤ ਵਿੱਚ 35 ਸਾਲ ਦੇ ਨੌਜਵਾਨ ਵੱਡੀ ਗਿਣਤੀ ਵਿੱਚ ਹਨ। ਇਸ ਕਰਕੇ ਨਿਊਜ਼ੀਲੈਂਡ ਸਰਕਾਰ ਦੀ ਲੋੜ ਭਾਰਤ ਵਿੱਚੋਂ ਪੂਰੀ ਹੁੰਦੀ ਹੈ। ਇਸੇ ਕਰਕੇ ਉਥੋਂ ਕਾਫੀ ਵੱਡੀ ਗਿਣਤੀ ਵਿੱਚ ਵਿਦਿਆਰਥੀ ਨਿਊਜ਼ੀਲੈਂਡ ਪੜਨ ਲਈ ਆਉਂਦੇ ਹਨ।

ਇਸ ਲੇਖ ਵਿੱਚ ਕੋਸ਼ਿਸ਼ ਕਰਾਂਗਾ ਕਿ ਜੋ ਸਮੱਸਿਆਵਾਂ ਵਿਦਿਆਰਥੀਆਂ ਨੂੰ ਮੁੱਖ ਤੌਰ 'ਤੇ ਆਉਂਦੀਆਂ ਹਨ ਉਨਾਂ ਬਾਰੇ ਚਰਚਾ ਕੀਤੀ ਜਾਵੇ।

**ਕੋਰਸ ਬਾਰੇ ਜਾਂ ਮੁਲਕ ਬਾਰੇ ਜਾਣਕਾਰੀ ਦੀ ਘਾਟ** :-ਭਾਰਤ ਵਿੱਚੋਂ ਤੁਰਨ ਸਮੇਂ ਬਹੁਤ ਵਿਦਿਆਰਥੀਆਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਨਿਊਜ਼ੀਲੈਂਡ ਵਿੱਚ ਕੋਰਸ ਤੋਂ ਬਾਦ ਪੱਕੇ ਹੋਣ ਵਾਸਤੇ ਕਿਹੜਾ ਕੋਰਸ ਠੀਕ ਹੈ? ਵੱਡੀ ਗਿਣਤੀ ਬਿਜਨੇਸ ਮੈਨੇਜਮੈਂਟ ਵਿੱਚ ਆਉਂਦੀ ਹੈ ਜਿਸ ਵਿੱਚ ਕੋਰਸ ਤੋਂ ਬਾਦ ਮੈਨੇਜਰ ਲੈਵਲ ਦੀ ਪੋਸਟ ਦੀ ਲੋੜ ਪੈਂਦੀ ਹੈ। ਬਹੁਤੀਆਂ ਕੰਪਨੀਆਂ ਨਵੇਂ ਮੈਨੇਜਰ ਨੂੰ ਰੱਖਣ ਲਈ ਤਿਆਰ ਹੀ ਨਹੀਂ ਹੁੰਦੀਆਂ। ਇਸ ਕਰਕੇ ਭਾਰਤ ਤੋਂ ਕੋਰਸ ਲੈਣ ਵੇਲੇ ਇਹ ਪਤਾ ਕਰਨਾ ਚਾਹੀਦਾ ਹੈ ਕਿ ਕਿਸ ਕੰਮ ਵਿੱਚ ਪੱਕੇ ਹੋਣਾ ਸੌਖਾ ਹੈ? ਫਿਰ ਕੋਰਸ ਚੁਣਨਾ ਚਾਹੀਦਾ ਹੈ। ਜਾਣਕਾਰੀ ਇਮੀਗ੍ਰੇਸ਼ਨ ਵੈਬਸਾਈਟ ਤੋਂ ਲੈ ਸਕਦੇ ਹੋ।

**ਰਿਹਾਇਸ਼ ਦੀ ਸਮੱਸਿਆ** :-ਕਾਲਜ ਵਿੱਚ ਰਿਹਾਇਸ਼ ਮਹਿੰਗੀ ਹੁੰਦੀ ਹੈ ਇਸ ਕਰਕੇ ਬਹੁਤੇ ਨੌਜਵਾਨ ਇਕੱਠੇ ਹੋ ਕੇ ਘਰ ਕਿਰਾਏ 'ਤੇ ਲੈ ਕੇ ਰਹਿੰਦੇ ਹਨ। ਕਿਰਾਏ ਅਤੇ ਖਾਣ-ਪੀਣ ਦੇ ਖਰਚੇ ਦਾਭਾਰਤ ਹੁੰਦਿਆਂ ਪਤਾ ਲਗਾ ਲੈਣਾ ਚਾਹੀਦਾ ਹੈ ਕਿ ਕਿੰਨਾ ਹੈ?

**ਡਰਾਈਵਿੰਗ ਦੀ ਸਮੱਸਿਆ** :- ਬਹੁਤੇ ਨਿਊਜ਼ੀਲੈਂਡ ਪਹੁੰਚਦੇ ਨੌਜਵਾਨਾਂ ਨੂੰ ਡਰਾਈਵਿੰਗ ਨਹੀਂ ਆਉਂਦੀ ਜਾਂ ਭਾਰਤ ਦੇ ਹਿਸਾਬ ਨਾਲ ਆਉਂਦੀ ਹੈ। ਇਸ ਦੀ ਵਜਾ ਨਾਲ ਸੜਕ 'ਤੇ ਹੁੰਦੇ ਹਾਦਸਿਆਂ ਵਿੱਚ ਨੌਜਵਾਨਾਂ ਦੀ ਮੌਤ ਹੁੰਦੀ ਅਕਸਰ ਦੇਖਣ ਨੂੰ ਮਿਲਦੀ ਹੈ ਜੋ ਕਿ ਬਹੁਤ ਦੁਖਦਾਈ ਹੈ। ਇਸ ਵਾਸਤੇ ਵਧੀਆ ਗੱਲ ਹੈ ਕਿ ਨਿਊਜ਼ੀਲੈਂਡ ਦੇ ਡਰਾਈਵਿੰਗ ਸਕੂਲ ਤੋਂ ਟਰੇਨਿੰਗ ਲਈ ਜਾਵੇ ਜੋ ਕਿ ਸਿਰਫ £500 ਦੇ ਨਾਲ ਹੀ ਹੋ ਜਾਂਦੀ ਹੈ ਅਤੇ ਫਿਰ ਡਰਾਈਵਿੰਗ ਲਾਈਸੈਂਸ ਵੀ



ਸੌਖਾ ਮਿਲ ਜਾਂਦਾ ਹੈ ਅਤੇ ਕਾਰ ਦੀ ਇੰਸ਼ੋਰੈਂਸ ਵੀ ਸਸਤੀ ਹੋ ਜਾਂਦੀ ਹੈ। ਐਕਸੀਡੈਂਟ ਹੋਣ ਦੀ ਵਜਾ ਨਾਲ ਪੱਕੇ ਹੋਣ ਵੇਲੇ ਵੀ ਮੁਸ਼ਕਲਾਂ ਆਉਂਦੀਆਂ ਹਨ। ਸ਼ੁਰੂਆਤ ਦੀਆਂ ਹਾਲਤਾਂ ਵਿੱਚ £500 ਬਹੁਤ ਵੱਡੀ ਰਕਮ ਲਗਦੀ ਹੈ ਪਰ ਸੜਕ ਹਾਦਸਿਆਂ ਵਿੱਚ ਜਾਨ ਗੁਆਉਣ ਨਾਲੋਂ ਬਹੁਤ ਸਸਤੀ ਹੈ।

**ਕਾਲਜਾਂ ਦਾ ਫੇਲ ਹੋਣਾ** :- ਕਈ ਕਾਲਜ ਫੇਲ ਹੋ ਜਾਂਦੇ ਹਨ। ਕੋਰਸ ਲੈਣ ਤੋਂ ਪਹਿਲਾਂ ਕਾਲਜ ਬਾਰੇ ਪਤਾ ਕਰ ਲੈਣਾ ਚਾਹੀਦਾ ਹੈ ਕਿ ਕਿਹੜਾ ਕਾਲਜ ਠੀਕ ਹੈ?

**ਇੰਸ਼ੋਰੈਂਸ ਕੰਪਨੀ** :- ਨੌਜਵਾਨ ਜਾਂ ਕੋਈ ਵੀ ਕੱਚਾ ਵਿਅਕਤੀ ਵਧੀਆ ਇੰਸ਼ੋਰੈਂਸ ਕਰਵਾ ਕੇ ਆਵੇ ਤਾਂ ਕਿ ਲੋੜ ਪੈਣ'ਤੇ ਕਲੇਮ ਮਿਲ ਸਕੇ। ਇੱਥੇ ਮੈਡੀਕਲ ਜਾਂ ਅਪ੍ਰੇਸ਼ਨ ਕਰਵਾਉਣਾ ਬਹੁਤ ਮਹਿੰਗਾ ਹੈ।

**ਨੌਕਰੀ/ਜੌਬ ਨਾ ਮਿਲਣਾ** :- ਜ਼ਿਆਦਾ ਵਿਦਿਆਰਥੀਆਂ ਨੂੰ ਪੜਾਈ ਦੇ ਨਾਲ ਨਾਲ 20 ਘੰਟੇ ਹਫਤੇ ਦੇ ਕੰਮ ਕਰਨ ਦੀ ਇਜਾਜ਼ਤ ਹੁੰਦੀ ਹੈ ਅਤੇ ਛੁੱਟੀਆਂ ਵਿੱਚ ਉਹ ਫੁੱਲ ਟਾਈਮ ਕੰਮ ਕਰ ਸਕਦੇ ਹਨ। ਜਿਨਾਂ ਵਿਦਿਆਰਥੀਆਂ ਨੇ ਇੱਥੇ ਹੀ ਕੰਮ ਕਰਕੇ ਕਾਲਜ ਦੀਆਂ ਫੀਸਾਂ ਤਾਰਨੀਆਂ ਹੁੰਦੀਆਂ ਹਨ ਉਨਾਂ ਦਾ 20 ਘੰਟੇ ਕੰਮ ਕਰਕੇ ਗੁਜ਼ਾਰਾ ਨਹੀਂ ਹੁੰਦਾ। ਇੱਥੇ ਜੌਬਾਂ ਕਾਫੀ ਹੋਣ ਕਰਕੇ 20 ਘੰਟੇ ਕੰਮ ਬਹੁਤੇ ਨੌਜਵਾਨਾਂ ਨੂੰ ਅਰਾਮ ਨਾਲ ਮਿਲ ਜਾਂਦਾ ਹੈ। ਜਦੋਂ ਨੌਜਵਾਨ 20 ਘੰਟੇ ਤੋਂ ਵੱਧ ਕੰਮ ਲੱਭਦੇ ਹਨ ਤਾਂ ਉਸ ਦੀ ਇਜਾਜ਼ਤ ਨਾ ਹੋਣ ਕਰਕੇ ਉਹ ਆਪਣਾ ਟੈਕਸ ਨੰਬਰ ਨਹੀਂ ਵਰਤ ਸਕਦੇ ਅਤੇ ਅੰਡਰ ਦੀ ਟੇਬਲ ਕੈਸ਼ ਜੌਬ ਦੀ ਭਾਲ ਕਰਦੇ ਹਨ। ਇਸ ਗੱਲ ਦਾ ਫਾਇਦਾ ਵਿਦਿਆਰਥੀਆਂ ਦੇ ਨਾਲ-ਨਾਲ ਮਾਲਕਾਂ ਨੂੰ ਵੀ ਹੁੰਦਾ ਹੈ ਕਿਉਂਕਿ ਮਾਲਕ ਘੱਟ ਪੈਸੇ ਦੇਣਾ ਸ਼ੁਰੂ ਕਰ ਦਿੰਦੇ ਹਨ। ਸੋ ਵਿਦਿਆਰਥੀ ਦਾ ਫਾਇਦਾ ਹੋਇਆ ਕਿ ਉਸ ਨੇ ਬਿਨਾਂ ਵਰਕ ਪਰਮਿਟ ਤੋਂ ਕੰਮ ਕਰ ਲਿਆ ਅਤੇ ਮਾਲਕ ਦਾ ਫਾਇਦਾ ਹੋਇਆ ਕਿ ਉਸ ਨੇ ਘੱਟ ਪੈਸਿਆਂ 'ਤੇ ਕਾਮਾ ਰੱਖ ਲਿਆ।ਜਿੰਨਾਂ ਚਿਰ ਦੋਨਾਂ ਦੀ ਨਿਭਦੀ ਹੈ ਠੀਕ ਹੈ ਅਤੇ ਜਦੋਂ ਨਹੀਂ ਨਿਭਦੀ ਤਾਂ ਇੱਕ ਦੂਜੇ ਦੀਆਂ ਸ਼ਿਕਾਇਤਾਂ ਦਾ ਦੌਰ ਸ਼ੁਰੂ ਹੁੰਦਾ ਹੈ ਅਤੇ ਦੋਨੋਂ ਧਿਰਾਂ ਖੱਜਲ ਖਰਾਬ ਹੁੰਦੀਆਂ ਹਨ। ਇਸ ਕੇਸ ਵਿੱਚ ਕਾਨੂੰਨਨ ਤੌਰ ਤੇ ਮਾਲਕ ਅਤੇ ਕਾਮੇ ਦੋਨੋਂ ਗਲਤ ਹਨ।

**ਕੋਰਸ ਤੋਂ ਬਾਦ ਜੌਬ ਲੈਟਰ ਨਾ ਮਿਲਣਾ** :- ਕੋਰਸ ਖਤਮ ਹੋਣ ਤੋਂ ਬਾਦ ਦੋ ਜਾਂ ਤਿੰਨ ਸਾਲ ਦਾ ਵਰਕ ਪਰਮਿਟ/ਜੌਬ ਸਰਚ ਵੀਜ਼ਾ ਮਿਲਦਾ ਹੈ ਜਿਸ ਵਿੱਚ ਪੱਕੇ ਹੋਣ ਵਾਸਤੇ ਫੁੱਲ ਟਾਈਮ ਜੌਬ ਵਿਦਿਆਰਥੀ ਨੇ ਭਾਲਣੀ ਹੁੰਦੀ ਹੈ। ਉਸ ਫੁੱਲ ਟਾਈਮ ਜੌਬ ਲੈਟਰ ਨੂੰ ਦੇਣ ਵਾਸਤੇ ਬਹੁਤੇ ਕਾਰੋਬਾਰੀ ਪੈਸੇ ਦੀ ਮੰਗ ਕਰਦੇ ਹਨ। ਪੈਸੇ ਦੀ ਰਕਮ ਵੀ £25, 000 ਤੋਂ £35, 000 ਦੇ ਵਿੱਚ। ਉਸ ਸਮੇਂ ਦੌਰਾਨ ਕਈ ਵਾਰ ਵਿਦਿਆਰਥੀ ਨੂੰ ਪੈਸੇ ਵੀ ਨੌਕਰੀ ਦੇ ਘੱਟ ਦਿੱਤੇ ਜਾਂਦੇ ਹਨ। ਪਹਿਲਾਂ ਦੋਨੋਂ ਧਿਰਾਂ ਇਸ ਵਾਸਤੇ ਸਹਿਮਤ ਹੋ ਜਾਂਦੀਆਂ ਹਨ ਪਰ ਜਦ ਦੋ ਜਾਂ ਤਿੰਨ ਸਾਲ ਬੀਤਣ ਤੋਂ ਬਾਦ ਜੇਕਰ ਵਿਦਿਆਰਥੀ ਪੱਕਾ ਨਹੀਂ ਹੁੰਦਾ ਤਾਂ ਉਸ ਸਮੇਂ ਵਿਦਿਆਰਥੀ ਕੋਲ ਜੋੜਿਆ ਹੋਇਆ ਪੈਸਾ ਵੀ ਨਹੀਂ ਹੁੰਦਾ ਅਤੇ ਪੱਕੇ ਹੋਣ ਦੀ ਆਸ ਵੀ ਨਹੀਂ ਹੁੰਦੀ। ਉਲਟਾ ਮਾਲਕ ਨੂੰ ਵੀ £25, 000 ਤੋਂ £35, 000 ਦਿੱਤਾ ਹੁੰਦਾ ਹੈ। ਫਿਰ ਵਿਦਿਆਰਥੀ ਵਲੋਂ ਸਰਕਾਰ ਨੂੰ ਮਾਲਕ ਪ੍ਰਤੀ ਸ਼ਿਕਾਇਤ ਕਰਨੀ ਪੈਂਦੀ ਹੈ। ਕਈ ਹਾਲਤਾਂ ਵਿੱਚ ਮਾਲਕਾਂ ਨੂੰ ਤਕੜਾ ਜੁਰਮਾਨਾ ਵੀ ਹੁੰਦਾ ਹੈ। ਇਸ ਕਰਕੇ ਦੋਨੋਂ ਧਿਰਾਂ ਇਸ ਤਰਾਂ ਦਾ ਐਗਰੀਮੈਂਟ ਕਰਨ ਤੋਂ ਪਹਿਲਾਂ ਸੋਚਣ ਤਾਂ ਕਿ ਖੱਜਲ ਖਰਾਬੀ ਤੋਂ ਬਚਿਆ ਜਾ ਸਕੇ।

**ਮਾਲਕ ਜੌਬ ਲੈਟਰ ਦੇਣ ਤੋਂ ਕਿਉਂ ਕੰਨੀਂ ਕਤਰਾਉਂਦੇ ਹਨ** :- ਦੇਖਣ ਵਿੱਚ ਜੌਬ ਲੈਟਰ ਦੇਣਾ ਜਾਂ ਲੈਣਾ ਸੌਖਾ ਲਗਦਾ ਹੈ ਪਰ ਐਨਾ ਸੌਖਾ ਹੈ ਨਹੀਂ। ਜੇਕਰ ਕੋਈ ਮਾਲਕ ਜੌਬ ਲੈਟਰ ਕਿਸੇ ਨੂੰ ਪੱਕਾ ਹੋਣ ਵਾਸਤੇ ਦਿੰਦਾ ਹੈ ਤਾਂ ਨਿਊਜ਼ੀਲੈਂਡ ਇਮੀਗ੍ਰੇਸ਼ਨ ਦੇਖਦੀ ਹੈ ਕਿ ਮਾਲਕ ਦੀ ਕੰਪਨੀ ਦੀ ਪਿਛਲੇ ਸਾਲ ਦੀ ਆਮਦਨ ਕਿੰਨੀ ਸੀ? ਕੀ ਉਸ ਆਮਦਨ ਵਿੱਚੋਂ ਨਵੇਂ ਕਾਮੇ ਦੀ ਤਨਖਾਹ ਨਿਕਲ ਸਕਦੀ ਹੈ? ਉਦਾਹਰਣ ਦੇ ਤੌਰ 'ਤੇ ਜੇ ਕਾਮੇ ਨੂੰ £50,000 ਸਲਾਨਾ ਤਨਖਾਹ ਵਾਲਾ ਲੈਟਰ ਦੇਣਾ ਹੈ ਤਾਂ ਕੰਪਨੀ ਨੇ ਪਿਛਲੇ ਸਾਲ £50,000 ਦਾ ਟੈਕਸ ਤਾਰਿਆ ਹੋਣਾ ਚਾਹੀਦਾ ਹੈ ਜੋ ਕਿ ਕੰਪਨੀ ਟੈਕਸ ਮੁਤਾਬਕ £14,000 ਬਣਦਾ ਹੈ। ਬਹੁਤੇ ਮਾਲਕਾਂ ਨੇ ਐਨਾ ਟੈਕਸ ਤਾਰਿਆ ਹੀ ਨਹੀਂ ਹੁੰਦਾ। ਫਿਰ ਇਮੀਗਰੇਸ਼ਨ ਮਾਲਕ ਦੀਆਂ ਸਾਰੀਆਂ ਕੰਪਨੀਆਂ ਦਾ ਰਿਕਾਰਡ ਚੈੱਕ ਕਰਦੀ ਹੈ ਕਿ ਉਨਾਂ ਕੰਪਨੀਆਂ ਵਿੱਚ ਇਸ ਨੇ ਕਿੰਨੇ ਵਿਅਕਤੀ ਪਹਿਲਾਂ ਪੱਕੇ ਕਰਵਾਏ ਹਨ ਅਤੇ ਉਨਾਂ ਕੰਪਨੀਆਂ ਦੀ ਆਮਦਨ ਕਿੰਨੀ ਕੁ ਹੈ? ਇਹ ਸਾਰਾ ਰਿਕਾਰਡ ਅਕਾਊਂਟੈਂਟ ਤੋਂ ਲੈ ਕੇ ਇਮੀਗ੍ਰੇਸ਼ਨ ਤੱਕ ਪਹੁੰਚਾਉਣ ਲਈ ਮਾਲਕ ਦੇ ਹਜ਼ਾਰਾਂ ਡਾਲਰ ਲਗਦੇ ਹਨ ਜੋ ਕਿ ਮਾਲਕ ਖਰਚਣੇ ਹੀ ਨਹੀਂ ਚਾਹੁੰਦਾ।

**ਆਦਤਾਂ ਨਾ ਮਿਲਣਾ** :- ਜਦੋਂ ਨੌਜਵਾਨਾਂ ਨੂੰ ਇਕੱਠੇ ਰਹਿਣਾ ਪੈਂਦਾ ਹੈ ਤਾਂ ਵੱਖ-ਵੱਖ ਪਰਿਵਾਰਾਂ ਵਿੱਚੋਂ ਆਉਣ ਕਰਕੇ ਉਨਾਂ ਦੀਆਂ ਆਦਤਾਂ ਨਹੀਂ ਮਿਲਦੀਆਂ ਜਿਸ ਕਰਕੇ ਕਈ ਵਾਰ ਲੜਾਈਆਂ ਹੁੰਦੀਆਂ ਹਨ ਅਤੇ ਪੁਲਿਸ ਕੇਸ ਹੋਣ ਕਾਰਨ ਕਈ ਵਾਰ ਪੱਕੇ ਹੋਣ ਵਿੱਚ ਤੰਗੀ ਹੁੰਦੀ ਹੈ ਅਤੇ ਕਈ ਵਾਰ ਉਨਾਂ ਨੂੰ ਘਰ ਵੀ ਖਾਲੀ ਕਰਨਾ ਪੈਂਦਾ ਹੈ ਅਤੇ ਦੁਬਾਰਾ ਰਿਹਾਇਸ਼ ਨਹੀਂ ਮਿਲਦੀ।

**ਤੈਰਨ ਨਾਲ ਮੌਤਾਂ** :- ਪੰਜਾਬ ਦੇ ਲਾਗੇ ਸਮੁੰਦਰ ਨਾ ਹੋਣ ਕਰਕੇ ਬਹੁਤ ਲੋਕ ਤੈਰਨਾ ਨਹੀਂ ਜਾਣਦੇ। ਨਿਊਜ਼ੀਲੈਂਡ ਦੇ ਸਾਰੇ ਪਾਸੇ ਸਮੁੰਦਰ ਹਨ। ਇੱਥੇ ਬੱਚਿਆਂ ਨੂੰ ਸਕੂਲਾਂ ਵਿੱਚ ਹੀ ਤੈਰਨਾ ਸਿਖਾ ਦਿੰਦੇ ਹਨ। ਭਾਰਤ ਤੋਂ ਆਏ ਨੌਜਵਾਨ ਕਈ ਵਾਰ ਤੈਰਨਾ ਨਾ ਆਉਣ ਦੇ ਬਾਵਜੂਦ ਸਮੁੰਦਰ ਵਿੱਚ ਤੈਰਨਾ ਸ਼ੁਰੂ ਕਰ ਦਿੰਦੇ ਹਨ ਜਿਸ ਦੀ ਵਜਾ ਕਰਕੇ ਕਈਆਂ ਦੀ ਮੌਤ ਹੋ ਜਾਂਦੀ ਹੈ ਜੋ ਕਿ ਦੁਖਦਾਈ ਹੈ। ਇਸ ਤੋਂ ਬਚਣਾ ਚਾਹੀਦਾ ਹੈ।

**ਔਰਤਾਂ ਦੀ ਬਰਾਬਰਤਾ** :-ਨਿਊਜ਼ੀਲੈਂਡ ਵਿੱਚ ਔਰਤਾਂ ਨੂੰ ਵੀ ਮਰਦਾਂ ਦੇ ਬਰਾਬਰ ਸਮਝਿਆ ਜਾਂਦਾ ਹੈ। ਇਸ ਕਰਕੇ ਔਰਤ ਦਾ ਸਨਮਾਨ ਕਰਨਾ ਵੀ ਸਿੱਖ ਕੇ ਆਉਣਾ ਚਾਹੀਦਾ ਹੈ। ਇਹ ਸਮਝ ਲੈਣਾ ਚਾਹੀਦਾ ਹੈ ਕਿ ਨਿਊਜ਼ੀਲੈਂਡ ਵਿੱਚ ਜੇ ਕਿਸੇ ਸਮੱਸਿਆ ਵਿੱਚ ਫਸੇ ਤਾਂ ਪੈਸੇ ਜਾਂ ਰਿਸ਼ਵਤ ਦੇ ਕੇ ਛੁਟਕਾਰਾ ਨਹੀਂ ਹੋਣਾ।

**ਜਾਤ ਪਾਤ ਦਾ ਫਰਕ** :- ਨਿਊਜ਼ੀਲੈਂਡ ਵਿੱਚ ਭਾਰਤ ਵਾਂਗ ਜਾਤ-ਪਾਤ ਦੇ ਹਿਸਾਬ ਨਾਲ ਫਰਕ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਕਿੱਤੇ ਜਾਤਾਂ ਦੇ ਅਧਾਰ'ਤੇ ਵੰਡੇ ਹੋਏ ਹਨ। ਇਸ ਕਰਕੇ ਨਿਊਜ਼ੀਲੈਂਡ ਆਉਣ ਤੋਂ ਪਹਿਲਾਂ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਕੇ ਆਓ ਕਿ ਇੱਥੇ ਕੋਈ ਵੀ ਕੰਮ ਕਰਨਾ ਪੈ ਸਕਦਾ ਹੈ। ਇੱਥੇ ਕਿਸੇ ਵੀ ਦਫ਼ਤਰ ਵਿੱਚ ਚਪੜਾਸੀ ਨਹੀਂ ਹੁੰਦਾ। ਜੇਕਰ ਕਿਸੇ ਨੂੰ ਪੁੱਛੋ ਕਿ ਚਪੜਾਸੀ (♦✥✿✪) ਕੀ ਹੁੰਦਾ ਹੈ? ਤੁਸੀਂ ਹੈਰਾਨ ਹੋਵੋਗੇ ਕਿ 95% ਗੋਰਿਆਂ ਨੂੰ ਇਹ ਨਹੀਂ ਪਤਾ ਕਿ ਚਪੜਾਸੀ ਕੀ ਹੁੰਦਾ ਹੈ? ਉਸ ਦੀ ਵਜਾ ਇਹੀ ਹੈ ਕਿ ਇੱਥੇ ਜਦ ਚਪੜਾਸੀ ਦੀ ਜੌਬ ਹੀ ਨਹੀਂ ਹੈ ਤਾਂ ਚਪੜਾਸੀ ਦਾ ਪਤਾ ਕਿਵੇਂ ਲੱਗੇਗਾ?

**ਸਫਾਈ ਨਾ ਰੱਖਣ ਦੀ ਆਦਤ** :- ਕਿਰਾਏ 'ਤੇ ਲਏ ਘਰਾਂ ਵਿੱਚ ਸਫਾਈ ਰੱਖਣ ਦੀ ਲੋੜ ਹੁੰਦੀ ਹੈ। ਘਰ ਵਿੱਚ ਜ਼ਿਆਦਾ ਨੌਜਵਾਨ 5 ਜਾਂ 6 ਜਣਿਆਂ ਦੇ ਗਰੁੱਪਾਂ ਵਿੱਚ ਰਹਿੰਦੇ ਹਨ। ਜੇਕਰ ਉਹ ਹਫਤੇ ਵਿੱਚ ਦੋ-ਦੋ ਘੰਟੇ ਘਰ ਦੀ ਸਫਾਈ 'ਤੇ ਲਗਾਉਣ ਤਾਂ ਘਰ ਅਰਾਮ ਨਾਲ ਸਾਫ ਹੋ ਜਾਂਦਾ ਹੈ। ਸਫਾਈ ਨਾ ਰੱਖਣ ਦੀ ਸੂਰਤ ਵਿੱਚ ਕਈ ਵਾਰ ਮਾਲਕ ਮਕਾਨ ਨੌਜਵਾਨਾਂ ਨੂੰ ਘਰ ਖਾਲੀ ਕਰਨ ਨੂੰ ਕਹਿ ਦਿੰਦੇ ਹਨ। ਮੈਂ ਖੁਦ ਇਸ ਤਰਾਂ ਰਹਿੰਦਾ ਹੁੰਦਾ ਸੀ ਪਰ ਸਾਡੇ ਘਰ ਵਿੱਚ ਕਦੇ ਵੀ ਸਫਾਈ ਦੀ ਸਮੱਸਿਆ ਨਹੀਂ ਸੀ ਆਉਂਦੀ।

**ਖਾਣਾ ਬਣਾਉਣਾ ਨਾ ਆਉਣਾ** :- ਭਾਰਤ ਵਿੱਚੋਂ ਜਿਹੜੇ ਮੁੰਡੇ ਆਉਂਦੇ ਹਨ ਉਨਾਂ ਨੂੰ ਖਾਣਾ ਬਣਾਉਣ ਵਿੱਚ ਤੰਗੀ ਆਉਂਦੀ ਹੈ। ਖਾਣਾ ਬਣਾਉਣਾ ਸਿੱਖ ਕੇ ਆਉਣਾ ਚਾਹੀਦਾ ਹੈ। ਹਰ ਰੋਜ਼ ਫਾਸਟ ਫੂਡ ਖਾਣਾ ਮਹਿੰਗਾ ਅਤੇ ਸਿਹਤ ਲਈ ਹਾਨੀਕਾਰਕ ਸਾਬਤ ਹੁੰਦਾ ਹੈ।


**ਮਾਲਕ ਮਕਾਨਾਂ ਵਲੋਂ ਬੇਇਨਸਾਫ਼ੀ** :- ਕਈ ਮਾਲਕ ਮਕਾਨ ਘਰਾਂ ਦੀ ਮੁਰੰਮਤ ਨਹੀਂ ਕਰਾਉਂਦੇ ਅਤੇ ਕਿਰਾਇਆ ਵੀ ਪੂਰਾ ਲੈਂਦੇ ਹਨ। ਇਹ ਵੀ ਸਾਹਮਣੇ ਆਇਆ ਹੈ ਕਿ ਕਈ ਮਾਲਕ ਤਾਂ ਲੀਕ ਕਰਦੀਆਂ ਟੂਟੀਆਂ ਜਾਂ ਛੱਤਾਂ ਵੀ ਠੀਕ ਨਹੀਂ ਕਰਵਾਉਂਦੇ। ਇੱਥੇ ਟੇਨੈਂਸੀਟ ਰਿਬਿਊਨਲ ਬਣਿਆ ਹੋਇਆ ਹੈ ਜਿਸ ਵਿੱਚ ਮਾਲਕ ਜਾਂ ਕਿਰਾਏਦਾਰ ਦੋਨੋਂ ਹੀ ਇੱਕ ਦੂਜੇ ਪ੍ਰਤੀ ਹੋਈ ਬੇਇਨਸਾਫ਼ੀ ਦੀ ਸ਼ਿਕਾਇਤ ਕਰ ਸਕਦੇ ਹਨ।

**ਨਸ਼ਿਆਂ ਦੀ ਆਦਤ**:- ਕਈ ਨੌਜਵਾਨਾਂ ਨੂੰ ਨਸ਼ਿਆਂ ਦੀ ਆਦਤ ਹੋ ਜਾਂਦੀ ਹੈ ਕਿਉਂਕਿ ਇੱਥੇ ਕਮਾਈ ਵੱਧ ਹੋਣ ਕਾਰਨ ਸ਼ਰਾਬ ਖਰੀਦਣੀ ਸੌਖੀ ਹੁੰਦੀ ਹੈ। ਸ਼ਰਾਬ ਪੀਣ ਨਾਲ ਜਿੱਥੇ ਸਰੀਰਕ ਨੁਕਸਾਨ ਹੁੰਦਾ ਹੈ ਉੱਥੇ ਹੀ ਕਈ ਸ਼ਰਾਬ ਦੀ ਭਾਨਪਏ ਹੋਣ ਕਾਰਨ ਦੂਜੇ ਦਿਨ ਕੰਮ 'ਤੇ ਵੀ ਨਹੀਂ ਜਾ ਸਕਦੇ। ਸ਼ਰਾਬ ਦੀ ਵਜਾ ਨਾਲ ਲੜਾਈਆਂ ਵੀ ਹੁੰਦੀਆਂ ਹਨ ਅਤੇ ਫਿਰ ਪੁਲਿਸ ਕੇਸ। ਇਸ ਬਾਰੇ ਵੀ ਨੌਜਵਾਨ ਪੀੜੀ ਨੂੰ ਸੁਚੇਤ ਹੋਣ ਦੀ ਲੋੜ ਹੈ। ਕਈ ਵਾਰ ਸ਼ਰਾਬ ਦੀ ਵਜਾ ਨਾਲ ਕੰਮ 'ਤੇ ਨਾ ਜਾਣ ਨਾਲ ਕੰਮ ਤੋਂ ਵੀ ਜਵਾਬ ਮਿਲ ਜਾਂਦਾ ਹੈ।

**ਨੌਜਵਾਨਾਂ ਦਾ ਭਵਿੱਖ** :- ਹਾਲਾਂਕਿ ਪੱਕੇ ਹੋਣ ਤੱਕ ਸਰਕਾਰਾਂ ਦੀਆਂ ਪਾਲਸੀਆਂ ਹੀ ਨੌਜਵਾਨਾਂ ਦਾ ਭਵਿੱਖ ਤੈਅ ਕਰਦੀਆਂ ਹਨ। ਜਿਨਾਂ ਚਿਰ ਨੌਜਵਾਨ ਪੱਕੇ ਨਹੀਂ ਹੁੰਦੇ ਉਨਾਂ ਨੂੰ ਕਈ ਸਹੂਲਤਾਂ ਨਹੀਂ ਮਿਲਦੀਆਂ। ਕਿਸੇ ਵੀ ਕੰਪਨੀ ਤੋਂ ਜੌਬ ਲੈਟਰ ਹਾਸਲ ਕਰਨ ਵਾਸਤੇ ਵਧੀਆ ਕਾਮੇ ਸਾਬਤ ਹੋਣਾ ਪੈਂਦਾ ਹੈ। ਜੇਕਰ ਤੁਸੀਂ ਆਪਣੇ ਆਪ ਨੂੰ ਇਸ ਤਰਾਂ ਦਾ ਕਾਮਾ ਸਾਬਤ ਕਰ ਦਿੰਦੇ ਹੋ ਕਿ ਤੁਹਾਡਾ ਮੁਕਾਬਲਾ ਹੋਰ ਬਹੁਤੇ ਕਾਮੇ ਨਾ ਕਰਨ ਤਾਂ ਤੁਸੀਂ ਕੰਪਨੀ ਦੀ ਮਜ਼ਬੂਰੀ ਬਣ ਜਾਂਦੇ ਹੋ। ਫਿਰ ਕੰਪਨੀ ਤੁਹਾਨੂੰ ਪੱਕਾ ਕਰਵਾਉਣ ਦੀਆ ਕੋਸ਼ਿਸ਼ ਕਰੇਗੀ ਅਤੇ ਸਰਕਾਰਾਂ ਕਾਨੂੰਨ ਬਦਲ ਕੇ ਵੀ ਤੁਹਾਨੂੰ ਪੱਕਾ ਕਰਨਗੀਆਂ। ਮੈਨੂੰ ਕੰਪਨੀ ਨੇ ਡਿਪੋਰਟ ਹੋਣ ਤੋਂ ਬਾਦ ਵੀ ਵਾਪਸ ਸੱਦ ਲਿਆ ਸੀ ਕਿਉਂਕਿ ਮੇਰੀ ਜੌਬ ਕਰਨ ਵਾਲਾ ਨਿਊਜ਼ੀਲੈਂਡ ਵਿੱਚੋਂ ਕੋਈ ਵਿਅਕਤੀ ਨਹੀਂ ਮਿਲਿਆ ਸੀ। ਇਸ ਕਰਕੇ ਸਰਕਾਰਾਂ ਦੇ ਨਾਲ-ਨਾਲ ਕੁੱਝ ਭਵਿੱਖ ਆਪਣੇ ਹੱਥ ਵੀ ਹੈ।

ਇਸ ਲੇਖ ਨੂੰ ਲਿਖਣ ਦਾ ਮਕਸਦ ਨੌਜਵਾਨ ਪੀੜੀ ਨੂੰ ਆਉਂਦੀਆਂ ਸਮੱਸਿਆਵਾਂ ਤੋਂ ਸੁਚੇਤ ਕਰਨਾ ਹੈ। ਜੇਕਰ ਅਸੀਂ ਕਿਸੇ ਆਉਣ ਵਾਲੀ ਮੁਸੀਬਤ ਬਾਰੇ ਪਹਿਲਾਂ ਸੋਚ ਲੈਂਦੇ ਹਾਂ ਤਾਂ ਅਸੀਂ ਉਸ ਵਾਸਤੇ ਆਪਣੇ ਆਪ ਨੂੰ ਪਹਿਲਾਂ ਹੀ ਤਿਆਰ ਕਰ ਸਕਦੇ ਹਾਂ ਜਿਸ ਨਾਲ ਅਸੀਂ ਆਰਥਿਕਅਤੇ ਮਾਨਸਿਕ ਸਮੱਸਿਆਵਾਂ ਤੋਂ ਬਚ ਸਕਦੇ ਹਾਂ।

**– ਅਵਤਾਰ ਸਿੰਘ**



GOLIAN Consultants
Immigration Specialists
since 1988.

Contact us for:
* Business Visa Assessment
* Skilled Work Visa Assessment
*Student Visa Assessment

Level 1, 3 Campbell Road,
Royal Oak, Auckland
NEW ZEALAND
Email: golian@golian.co.nz
Phone: 021 624 120, 096 241 204




# ਵਰਲਡ ਬੈਂਕ ਵੱਲੋਂ ਭਾਰਤ ਨੂੰ ਮਹਿੰਗਾਈ ਦਾ ਵੱਡਾ ਝਟਕਾ

ਨਵੀਂ ਦਿੱਲੀ - ਪੂਰੀ ਦੁਨੀਆ ਭਾਰਤ ਦਾ ਵਿਕਾਸ ਵੇਖ ਕੇ ਹੈਰਾਨ ਹੈ। ਸਾਰੀਆਂ ਵਿੱਤੀ ਏਜੰਸੀਆਂ, ਭਾਵੇਂ ਉਹ ਵਰਲਡ ਬੈਂਕ ਹੋਵੇ ਜਾਂ ਫਿਰ ਆਈ. ਐੱਮ. ਐੱਫ. ਭਾਰਤ ਦੀ ਗ੍ਰੋਥ ਨੂੰ ਲੈ ਕੇ ਆਸਵੰਦ ਹਨ। ਚੀਨ ਨੂੰ ਹਾਲ ਹੀ 'ਚ ਵਰਲਡ ਬੈਂਕ ਨੇ ਗ੍ਰੋਥ ਦੇ ਮੋਰਚੇ 'ਤੇ ਝਟਕਾ ਦਿੱਤਾ ਹੈ। ਹੌਲੀ-ਹੌਲੀ ਬਾਕੀ ਦੇਸ਼ ਵੀ ਗ੍ਰੋਥ ਨੂੰ ਲੈ ਕੇ ਝਟਕਾ ਜਾਂ ਤਾਂ ਖਾ ਰਹੇ ਹਨ ਜਾਂ ਫਿਰ ਖਾ ਚੁੱਕੇ ਹਨ ਪਰ ਇਸ ਵਾਰ ਵਰਲਡ ਬੈਂਕ ਵਲੋਂ ਭਾਰਤ ਨੂੰ ਝਟਕਾ ਮਿਲਿਆ ਹੈ। ਇਹ ਝਟਕਾ ਗ੍ਰੋਥ ਦੇ ਮੋਰਚੇ 'ਤੇ ਨਹੀਂ ਹੈ ਪਰ ਮਹਿੰਗਾਈ ਦੇ ਮੋਰਚੇ 'ਤੇ ਹੈ। ਵਰਲਡ ਬੈਂਕ ਵਲੋਂ ਸਪੱਸ਼ਟ ਸੰਕੇਤ ਦਿੱਤੇ ਗਏ ਹਨ ਕਿ ਭਾਰਤ ਵਿੱਚ ਮਹਿੰਗਾਈ ਵਧ ਸਕਦੀ ਹੈ। ਇੱਥੋਂ ਤੱਕ ਕਿ ਬੈਂਕ ਵਲੋਂ ਅਨੁਮਾਨ 'ਚ 70 ਆਧਾਰ ਅੰਕ ਦਾ ਵਾਧਾ ਵੀ ਕਰ ਦਿੱਤਾ ਗਿਆ ਹੈ।




ਵਰਲਡ ਬੈਂਕ ਨੇ ਮੰਗਲਵਾਰ ਨੂੰ ਵਿੱਤੀ ਸਾਲ 2024 ਲਈ ਭਾਰਤ ਦੇ ਗ੍ਰੋਥ ਅਨੁਮਾਨ 'ਚ ਕੋਈ ਬਦਲਾਅ ਨਹੀਂ ਕੀਤਾ ਹੈ ਅਤੇ 6.3 ਫ਼ੀਸਦੀ 'ਤੇ ਬਰਕਰਾਰ ਰੱਖਿਆ ਹੈ। ਉੱਥੇ ਹੀ ਮਹਿੰਗਾਈ ਨੂੰ ਲੈ ਕੇ ਚਿੰਤਾ ਜ਼ਾਹਿਰ ਕੀਤੀ ਹੈ। ਵਰਲਡ ਬੈਂਕ ਨੇ ਭਾਰਤ ਦੀ ਮਹਿੰਗਾਈ ਦੇ ਅਨੁਮਾਨ ਨੂੰ 5.2 ਫ਼ੀਸਦੀ ਤੋਂ ਵਧਾ ਕੇ 5.9 ਫ਼ੀਸਦੀ ਕਰ ਦਿੱਤਾ। ਵਰਲਡ ਬੈਂਕ ਨੇ ਇੰਡੀਆ ਗ੍ਰੋਥ ਆਊਟਲੁੱਕ ਵਿੱਚ ਕਿਹਾ ਕਿ ਪ੍ਰਾਈਵੇਟ ਕੰਜੰਪਸ਼ਨ ਗ੍ਰੋਥ ਹੌਲੀ ਹੋਣ ਦੀ ਸੰਭਾਵਨਾ ਹੈ। ਇਸ ਦਾ ਕਾਰਣ ਦੱਸਦੇ ਹੋਏ ਵਰਵਡ ਬੈਂਕ ਨੇ ਕਿਹਾ ਕਿ ਮਹਾਮਾਰੀ ਤੋਂ ਬਾਅਦ ਦੀ ਰਫ਼ਤਾਰ ਹੁਣ ਹੌਲੀ ਹੋਣ ਦੀ ਉਮੀਦ ਹੈ।

ਨਾਲ ਹੀ ਯੂਰਪੀ ਯੂਨੀਅਨ ਤੋਂ ਇਲਾਵਾ ਪ੍ਰਮੁੱਖ ਬਿਜ਼ਨੈੱਸ ਪਾਰਟਨਰਸ 'ਚ ਹੌਲੀ ਵਿਕਾਸ ਕਾਰਨ ਭਾਰਤੀ ਵਸਤਾਂ ਦੀ ਬਾਹਰੀ ਮੰਗ ਘਟੀ ਹੈ ਅਤੇ ਐਕਸਪੋਰਟ 'ਚ ਗਿਰਾਵਟ ਦੇਖਣ ਨੂੰ ਮਿਲੀ ਹੈ। ਇਸ ਤੋਂ ਪਹਿਲਾਂ ਮਜ਼ਬੂਤ ਘਰੇਲੂ ਮੰਗ ਕਾਰਨ ਦੇਸ਼ ਦੀ ਅਰਥਵਿਵਸਥਾ ਪਹਿਲੀ ਤਿਮਾਹੀ 'ਚ 7.8 ਫ਼ੀਸਦੀ ਦੀ ਰਫ਼ਤਾਰ ਨਾਲ ਵਧੀ ਸੀ। ਵਰਲਡ ਬੈਂਕ ਨੇ ਕਿਹਾ ਕਿ ਹੁਣ ਘਰੇਲੂ ਮੰਗ ਤਾਂ ਮਜ਼ਬੂਤ ਰਹੇਗੀ ਪਰ ਸਪੀਡ ਘੱਟ ਰਹੇਗੀ।

ਖੁਰਾਕੀ ਮਹਿੰਗਾਈ ਨੇ ਵੀ ਮੰਗ ਘਟਾਈ ਹੈ। ਖ਼ਾਸ ਤੌਰ 'ਤੇ ਘੱਟ ਆਮਦਨ ਵਰਗ ਦੀ ਮੰਗ 'ਚ ਗਿਰਾਵਟ ਦੇਖਣ ਨੂੰ ਮਿਲੀ ਹੈ। ਵਰਲਡ ਬੈਂਕ ਨੇ ਕਿਹਾ ਕਿ ਵਿੱਤੀ ਸਾਲ 2024 'ਚ ਮਹਿੰਗਾਈ ਉਮੀਦ ਨਾਲੋਂ ਜ਼ਿਆਦਾ ਵਧ ਕੇ 5.9 ਫ਼ੀਸਦੀ ਹੋ ਸਕਦੀ ਹੈ, ਜੋ ਭਾਰਤੀ ਰਿਜ਼ਰਵ ਬੈਂਕ ਦੇ 2-6 ਫ਼ੀਸਦੀ ਦੇ ਟੀਚੇ ਦੀ ਉੱਪਰਲੀ ਲਿਮਟ ਦੇ ਕਾਫ਼ੀ ਕਰੀਬ ਹੈ। ਵਰਲਡ ਬੈਂਕ ਨੇ ਕਿਹਾ ਕਿ ਮਾਨਸੂਨ ਦੇ ਮਹੀਨਿਆਂ ਦੌਰਾਨ ਅਸਾਧਾਰਣ ਮੀਂਹ ਕਾਰਨ ਜੁਲਾਈ 2023 'ਚ ਖਾਣ-ਪੀਣ ਵਾਲੀਆਂ ਵਸਤਾਂ ਦੀਆਂ ਕੀਮਤਾਂ 'ਚ ਵਾਧਾ ਦੇਖਣ ਨੂੰ ਮਿਲਿਆ ਸੀ। ਹਾਲਾਂਕਿ ਅਗਸਤ 'ਚ ਇਸ ਵਿੱਚ ਕਮੀ ਆਈ ਪਰ ਵਿੱਤੀ ਸਾਲ ਬਾਕੀ ਮਹੀਨਿਆਂ ਦੌਰਾਨ ਹੈੱਡਲਾਈਨ ਮਹਿੰਗਾਈ 'ਤੇ ਦਬਾਅ ਜਾਰੀ ਰਹਿਣ ਦੀ ਉਮੀਦ ਹੈ।

ਵਰਲਡ ਬੈਂਕ ਦੀ ਰਿਪੋਰਟ 'ਚ ਅੱਗੇ ਕਿਹਾ ਗਿਆ ਹੈ ਕਿ ਤੇਲ ਭਾਵੇਂ 2022 ਦੌਰਾਨ ਦੇਖੇ ਗਏ ਹਾਈ ਤੋਂ ਘੱਟ ਹੈ, ਫਿਰ ਵੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਅਗਸਤ 'ਚ ਭਾਰਤ ਦੀ ਮਹਿੰਗਾਈ ਮਾਮੂਲੀ ਘੱਟ ਹੋ ਕੇ 6.8 ਫ਼ੀਸਦੀ ਹੋ ਗਈ, ਜਦ ਕਿ ਜੁਲਾਈ 'ਚ ਇਹ 15 ਮਹੀਨਿਆਂ ਦੇ ਉੱਚ ਪੱਧਰ 7.4 ਫ਼ੀਸਦੀ 'ਤੇ ਸੀ। ਮਾਹਰਾਂ ਦਾ ਸੰਕੇਤ ਹੈ ਕਿ ਸਤੰਬਰ 'ਚ ਇਸ ਵਿੱਚ ਹੋਰ ਕਮੀ ਆਉਣ ਦੀ ਉਮੀਦ ਹੈ।

ਵਰਲਡ ਬੈਂਕ ਨੇ ਕਿਹਾ ਕਿ ਪਿਛਲੇ ਸਾਲ ਆਰ. ਬੀ. ਆਈ. ਵਲੋਂ ਨੀਤੀਗਤ ਦਰ 'ਚ ਵਾਧਾ ਕੀਤਾ ਗਿਆ ਸੀ, ਜਿਸ ਨਾਲ ਮਹਿੰਗਾਈ ਨੂੰ ਘੱਟ ਕਰਨ 'ਚ ਮਦਦ ਮਿਲੀ ਸੀ, ਜਿਸ ਦਾ ਅਸਰ ਹੁਣ ਹੌਲੀ-ਹੌਲੀ ਘੱਟ ਹੋਣ ਦੀ ਉਮੀਦ ਹੈ। ਆਰ. ਬੀ. ਆਈ. ਦੀ ਮੁਦਰਾ ਨੀਤੀ ਕਮੇਟੀ ਇਸ ਹਫ਼ਤੇ ਦੇ ਅਖੀਰ 'ਚ ਨੀਤੀਗਤ ਦਰ 'ਤੇ ਫ਼ੈਸਲਾ ਕਰੇਗੀ, ਜਿਸ 'ਚ ਫਰਵਰੀ ਤੋਂ ਕੋਈ ਬਦਲਾਅ ਨਹੀਂ ਹੋਇਆ ਹੈ। ਫਰਵਰੀ 'ਚ ਆਖਰੀ ਵਾਰ ਬਦਲਾਅ ਕਰਦੇ ਹੋਏ ਐੱਮ. ਪੀ. ਸੀ. ਨੇ 25 ਆਧਾਰ ਅੰਕ ਦਾ ਵਾਧਾ ਕੀਤਾ ਸੀ ਅਤੇ ਰੇਪੋ ਰੇਟ 6.5 ਫ਼ੀਸਦੀ 'ਤੇ ਆ ਗਏ ਸਨ।

ਵਿੱਤੀ ਘਾਟੇ ਦੇ ਮੋਰਚੇ 'ਤੇ ਵਰਲਡ ਬੈਂਕ ਨੇ ਥੋੜੀ 'ਮੱਲ੍ਹਮ' ਲਾਈ ਹੈ ਅਤੇ ਮਾਮੂਲੀ ਸੁਧਾਰ ਦੇ ਸੰਕੇਤ ਦਿੱਤੇ ਹਨ। ਆਮ ਸਰਕਾਰੀ ਘਾਟਾ ਪਿਛਲੇ ਵਿੱਤੀ ਸਾਲ ਵਿੱਚ ਜੀ. ਡੀ. ਪੀ. ਦੇ 9 ਫ਼ੀਸਦੀ ਤੋਂ ਘਟ ਕੇ ਵਿੱਤੀ ਸਾਲ 2024 'ਚ 8.7 ਫ਼ੀਸਦੀ ਹੋਣ ਦਾ ਅਨੁਮਾਨ ਲਗਾਇਆ ਹੈ। ਵਰਲਡ ਬੈਂਕ ਨੇ ਕਿਹਾ ਕਿ 2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਸਬਸਿਡੀ ਪ੍ਰੋਗਰਾਮ, ਵਿੱਤੀ ਰੋਡਮੈਪ 'ਤੇ ਅਸਰ ਪਾ ਸਕਦੇ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਵਿੱਤੀ ਦਖਲਅੰਦਾਜ਼ੀ ਹੁਣ ਤੱਕ ਸੀਮਤ ਹੈ ਪਰ 2024 ਵਿੱਚ ਆਮ ਚੋਣਾਂ ਤੋਂ ਪਹਿਲਾਂ ਕਮਜ਼ੋਰ ਪਰਿਵਾਰਾਂ 'ਤੇ ਖੁਰਾਕੀ ਮਹਿੰਗਾਈ ਦੇ ਪ੍ਰਭਾਵ ਨੂੰ ਘਟਾਉਣ ਲਈ ਸਬਸਿਡੀ ਪ੍ਰੋਗਰਾਮਾਂ ਦੁਆਰਾ ਵਿੱਤੀ ਏਕੀਕਰਣ ਵਿੱਚ ਦੇਰੀ ਹੋ ਸਕਦੀ ਹੈ।

# ਸ਼ਾਹਰੁਖ ਖ਼ਾਨ ਨੇ ਆਪਣੀ ਹੀ ਫ਼ਿਲਮ 'ਜਵਾਨ' ਦਾ ਤੋੜਿਆ ਰਿਕਾਰਡ


ਮੁੰਬਈ- ਅਦਾਕਾਰ ਸ਼ਾਹਰੁਖ ਖ਼ਾਨ ਦੀ 'ਜਵਾਨ' ਪੂਰੀ ਦੁਨੀਆ 'ਚ ਧੂਮ ਮਚਾ ਰਹੀ ਹੈ। ਲੋਕ ਹੁੰਮ-ਹੁੰਮਾ ਕੇ ਫ਼ਿਲਮ ਦੇਖਣ ਸਿਨੇਮਾਘਰਾਂ 'ਚ ਪਹੁੰਚ ਰਹੇ ਹਨ। ਇਸ ਦੌਰਾਨ ਇਕ ਵੀਡੀਓ ਕਾਫ਼ੀ ਵਾਇਰਲ ਹੋ ਰਹੀ ਹੈ, ਜਿਸ 'ਚ ਕਿੰਗ ਖ਼ਾਨ ਦਾ ਇਕ ਜ਼ਬਰਾ ਫੈਨ ਵੈਂਟੀਲੇਟਰ ਲਗਾ ਕੇ ਫ਼ਿਲਮ ਦੇਖਣ ਪਹੁੰਚਿਆ। ਇਹ ਫ਼ਿਲਮ ਸ਼ਾਹਰੁਖ਼ ਦੇ ਕੁਮੈਂਟ ਕਾਰਨ ਹੋਰ ਵੀ ਚਰਚਾ 'ਚ ਆ ਗਈ ਹੈ।

'ਜਵਾਨ' ਫ਼ਿਲਮ ਦੇਖਣ ਲਈ ਲੋਕਾਂ 'ਚ ਉਤਸਾਹ ਦੇਖਣਯੋਗ ਹੈ। ਉਹ ਮਹਿੰਗੀ ਤੋਂ ਮਹਿੰਗੀ ਟਿਕਟ ਖਰੀਦ ਕੇ ਵੀ ਫ਼ਿਲਮ ਦੇਖਣ ਤੋਂ ਨਹੀਂ ਘਬਰਾ ਰਹੇ। ਇਸੇ ਦੌਰਾਨ ਵੈਂਟੀਲੇਟਰ 'ਤੇ ਹੋਣ ਦੇ ਬਾਵਜੂਦ ਫ਼ਿਲਮ ਦੇਖਣ ਆਏ ਇਸ ਪ੍ਰਸ਼ੰਸਕ ਦਾ ਪਿਆਰ ਦੇਖ ਕੇ ਸ਼ਾਹਰੁਖ ਤੋਂ ਉਸ ਦਾ ਧੰਨਵਾਦ ਕਰਨ ਤੋਂ ਬਿਨਾਂ ਨਹੀਂ ਰਿਹਾ ਗਿਆ। ਉਨ੍ਹਾਂ ਨੇ ਟਵਿੱਟਰ 'ਤੇ ਇਕ ਮੈਸਜ ਲਿਖ ਕੇ ਆਪਣੇ ਪ੍ਰਸ਼ੰਸਕ ਦਾ ਧੰਨਵਾਦ ਕੀਤਾ।

ਸ਼ਾਹਰੁਖ ਨੇ ਲਿਖਿਆ, ''ਥੈਂਕ ਯੂ ਮੇਰੇ ਦੋਸਤ... ਪਰਮਾਤਮਾ ਤੁਹਾਨੂੰ ਸਾਰੀਆਂ ਖ਼ੁਸ਼ੀਆਂ ਦੇਵੇ ਅਤੇ ਖੁਸ਼ ਰੱਖੇ। ਮੈਂ ਤੁਹਾਡਾ ਪਿਆਰ ਪਾ ਕੇ ਬਹੁਤ ਸ਼ੁਕਰਗੁਜ਼ਾਰ ਮਹਿਸੂਸ ਕਰ ਰਿਹਾ ਹਾਂ। ਉਮੀਦ ਕਰਦਾ ਹਾਂ ਕਿ ਤੁਹਾਨੂੰ ਫ਼ਿਲਮ ਪਸੰਦ ਆਈ ਹੋਵੇਗੀ। ਬਹੁਤ ਸਾਰਾ ਪਿਆਰ।''

ਹਿੰਦੀ ਸਿਨੇਮਾ ਦਾ ਇਹ 'ਜਵਾਨ' ਰੁਕਣ ਦਾ ਨਾਮ ਨਹੀਂ ਲੈ ਰਿਹਾ। 'ਜਵਾਨ' ਦੀ ਵੱਡੀ ਸਫਲਤਾ ਦੀ ਕਹਾਣੀ ਨੇ ਬਾਕਸ ਆਫਿਸ ਦੇ ਰਿਕਾਰਡ ਨੂੰ ਦੁਬਾਰਾ ਲਿਖਿਆ ਹੈ। ਫ਼ਿਲਮ'ਜਵਾਨ' ਸਿਰਫ ਇਕ ਹਿੱਟ ਨਹੀਂ ਹੈ, ਇਹ ਬਾਕਸ ਆਫਿਸ ਦੀ ਸੁਨਾਮੀ ਵੀ ਹੈ। ਫ਼ਿਲਮ ਨੇ 100 ਕਰੋੜ, 200 ਕਰੋੜ, 300 ਕਰੋੜ, 400 ਕਰੋੜ, 500 ਕਰੋੜ ਤੇ 1000 ਕਰੋੜ ਕਲੱਬਾਂ ਨੂੰ ਕੁਝ ਹੀ ਸਮੇਂ 'ਚ ਹਿੱਟ ਕਰ ਦਿੱਤਾ ਤੇ ਨੈਸ਼ਨਲ ਤੇ ਗਲੋਬਲ ਬਾਕਸ ਆਫਿਸ 'ਤੇ ਸ਼ਾਨਦਾਰ ਰਿਕਾਰਡ ਬਣਾਏ।

'ਜਵਾਨ' ਨੇ 'ਪਠਾਨ' ਤੇ ਇਥੋਂ ਤੱਕ ਕਿ ਨਵੀਨਤਮ 'ਗਦਰ 2' ਸਣੇ ਬਲਾਕਬਸਟਰ ਫ਼ਿਲਮਾਂ ਦੇ ਬਾਕਸ ਆਫਿਸ ਸੰਗ੍ਰਹਿ ਨੂੰ ਮਾਤ ਦਿੱਤੀ, ਇਸ ਨੂੰ ਯਕੀਨੀ ਤੌਰ 'ਤੇ ਬਾਕਸ ਆਫਿਸ 'ਤੇ ਬਹੁਤ ਵੱਡੀ ਸਫ਼ਲਤਾ ਮਿਲੀ, ਜਿਸ ਨੇ ਦੇਸ਼ ਤੇ ਦੁਨੀਆ ਭਰ 'ਚ ਫਿਲਮ ਦੀ ਵਿਆਪਕ ਅਪੀਲ 'ਤੇ ਜ਼ੋਰ ਦਿੱਤਾ।











BLACKSTONE & AFFSAR PRODUCTIONS
PRESENT
BLACKSTONE PRODUCTIONS
AFFSAR PRODUCTIONS
JAGEY REHAN
JOGI
KANWAR SINGH
GREWAL
19 Nov 2023
Due Drop Event Centre
AUCKLAND
Marketing/Media Partner
DAILY KHABAR
radio SPICE NZ
Live in Auckland
For Sponsorship & More Info :- Lovepreet - 027 439 7050 | Harry Rana - 020 4100 0111




# ਪੰਜਾਬ ਤੋਂ ਕੋਈ ਵੀ ਵਸਤੂ ਆਪਣੇ ਕੋਲ ਨਿਊਜੀਲੈਂਡ ਵਿੱਚ ਘਰ ਬੈਠੇ ਮੰਗਵਾਓ

ਦੋਸਤੋ ਅਸੀਂ ਤੁਹਾਡੇ ਲਈ ਨਵੀਂ ਤਰ੍ਹਾਂ ਦੀ ਸੇਵਾ ਸ਼ੁਰੂ ਕਰ ਰਹੇ ਹਾਂ ਜਿਸ ਵਿੱਚ ਤੁਸੀਂ ਜੇ ਪੰਜਾਬ ਤੋਂ ਕੋਈ ਵੀ ਵਸਤੂ ਆਪਣੇ ਕੋਲ ਨਿਊਜੀਲੈਂਡ ਵਿੱਚ ਘਰ ਬੈਠੇ ਮੰਗਵਾਉਣਾ ਚਹੁੰਦੇ ਹੋ ਤਾਂ ਅਸੀਂ ਇਸ ਵਿੱਚ ਤੁਹਾਡੀ ਮੱਦਦ ਕਰ ਸਕਦੇ ਹਾਂ। ਅਸੀਂ ਹਰ ਉਹ ਚੀਜ ਜੋ ਦੋਂਹੇ ਦੇਸ਼ਾਂ ਵਿੱਚ ਕਿਸੇ ਵੀ ਤਰ੍ਹਾਂ ਗੈਰਕਾਨੂੰਨੀ ਨਾ ਹੋਵੇ ਕੋਰੀਅਰ ਰਾਹੀਂ ਪੰਜਾਬ ਦੇ ਕਿਸੇ ਵੀ ਹਿੱਸੇ ਵਿੱਚੋਂ ਖਰੀਦਕੇ ਤੁਹਾਡੇ ਤੱਕ ਪਹੁੰਚਦੀ ਕਰ ਸਕਦੇ ਹਾਂ।



ਜੇ ਤੁਸੀਂ ਵੀ ਕੁਝ ਵੀ ਪੰਜਾਬ ਤੋਂ ਮੰਗਵਾਉਣਾ ਚਹੁੰਦੇ ਹੋ ਤਾਂ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: **+64274427338**

ਇੰਡੀਆ ਦਫਤਰ ਵਟਸਐਪ ਨੰਬਰ: **84277-12890**





# ਲੋਹੜੀ ਦੀ ਰਸਮ ਅਤੇ ਗੀਤ

'ਲੋਹੜੀ' ਇਕ ਮੌਸਮੀ ਤਿਉਹਾਰ ਹੈ। ਇਸ ਨਾਲ ਪੰਜਾਬੀਆਂ ਦੀਆਂ ਕਈ ਰਸਮਾਂ ਜੁੜੀਆਂ ਹੋਈਆਂ ਹਨ। ਇਸ ਤਿਉਹਾਰ ਬਾਰੇ ਵਿਦਵਾਨਾਂ 'ਚ ਕਾਫ਼ੀ ਮੱਤਭੇਦ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਲੋਹੜੀ ਦਾ ਮੂਲ ਸ਼ਬਦ ਤਿਲ +ਰੋੜੀ ਹੈ, ਜਿਸ ਤੋਂ 'ਤਿਲੋੜੀ' ਬਣਿਆ ਅਤੇ ਬਾਅਦ ਵਿਚ ਇਸ ਸ਼ਬਦ ਦਾ ਰੂਪਾਂਤਰ ਲੋਹੜੀ ਹੋ ਗਿਆ।

ਡਾ. ਕਰਮਜੀਤ ਸਿੰਘ ਨੇ ਆਪਣੇ ਖੋਜ ਭਰਪੂਰ ਲੇਖ 'ਅਗਨੀ ਪੂਜਾ ਦਾ ਤਿਉਹਾਰ ਲੋਹੜੀ' ਵਿਚ ਇਹ ਸਪੱਸ਼ਟ ਕੀਤਾ ਹੈ ਕਿ ਲੋਹੜੀ 'ਅਗਨੀ ਪੂਜਾ' ਦਾ ਤਿਉਹਾਰ ਹੈ। ਇਸਦਾ ਸੰਬੰਧ ਪੂਰਵ-ਹੜੱਪਾ ਸਭਿਆਚਾਰ ਨਾਲ ਜਾ ਜੁੜਦਾ ਹੈ। ਆਮ ਲੋਕਾਂ ਨੇ ਇਸ ਪੂਜਾ ਨੂੰ ਆਪਣੇ ਢੰਗ ਨਾਲ ਜੀਵਤ ਰੱਖਿਆ ਹੈ। ਪੰਜਾਬੀ ਲੋਕਾਂ ਨੇ ਇਸ ਨੂੰ 'ਲੋਹੜੀ' ਦੇ ਰੂਪ ਵਿਚ ਸਾਂਭਿਆ ਅਤੇ ਪੋਹ ਮਹੀਨੇ ਦੀ ਆਖਰੀ ਰਾਤ ਲਈ ਰਾਖਵਾਂ ਕੀਤਾ ਹੈ। ਅਗਨੀ ਦੇਵ ਦੀ ਪੂਜਾ ਇਸ ਲਈ ਵੀ ਕੀਤੀ ਜਾਂਦੀ ਹੈ ਕਿ ਇਹ ਪੁੱਤਰ ਦੀ ਦਾਤ ਦਿੰਦਾ ਹੈ।

ਸਾਡੇ ਸਭਿਆਚਾਰ ਵਿਚ ਲੋਹੜੀ ਦਾ ਤਿਉਹਾਰ ਨਵ-ਜਨਮੇ ਜਾਂ ਨਵ-ਵਿਆਹੇ ਪੁੱਤਰ ਦੀ ਖ਼ੁਸ਼ੀ ਵਿਚ ਮਨਾਇਆ ਜਾਂਦਾ ਹੈ। ਇਹ ਅਕਸਰ ਕਿਹਾ ਜਾਂਦਾ ਹੈ ਕਿ 'ਗਏ ਸਿਆਲ ਲੋਹੜੀ'। ਪਹਿਲਾਂ-ਪਹਿਲ ਲੋਹੜੀ ਵਾਲੇ ਦਿਨ ਤੋਂ ਕੁੱਝ ਦਿਨ ਪਹਿਲਾਂ ਜਾਂ ਲੋਹੜੀ ਵਾਲੇ ਦਿਨ ਸਹੁਰੇ ਘਰ ਵਸਦੀਆਂ ਭੈਣਾਂ ਦੇ ਘਰਾਂ ਵਿਚ ਭਰਾ ਆਪਣੀਆਂ ਭੈਣਾਂ ਲਈ ਰਿਉੜੀਆਂ-ਮੂੰਗਫ਼ਲੀ, ਪਿੰਨੀਆਂ, ਕੱਪੜੇ ਆਦਿ ਲੋਹੜੀ ਦੇ ਰੂਪ ਵਿਚ ਲੈ ਕੇ ਪੁੱਜਦੇ ਸਨ। ਇਸ ਦਿਨ ਭੈਣਾਂ ਆਪਣੇ ਵੀਰਾਂ ਨੂੰ ਉਡੀਕਦੀਆਂ, ਬਨੇਰਿਆਂ ਤੋਂ ਕਾਂ ਉਡਾਉਂਦੀਆਂ ਸਨ। ਜੇ ਕਰ ਘਰ ਆਏ ਵੀਰ ਦੀ ਸੱਸ ਜਾਂ ਨਣਦ ਆਉ-ਭਗਤ ਨਾ ਕਰੇ ਜਾਂ ਮੱਥੇ ਵੱਟ ਪਾ ਲਵੇ ਤਾਂ ਉਦਾਸ ਹੋ ਜਾਂਦੀਆਂ ਸਨ। ਜੇ ਕਰ ਕਿਸੇ ਕਾਰਨ ਵੀਰ ਲੋਹੜੀ ਲੈ ਕੇ ਨਾ ਪੁੱਜੇ ਤਾਂ ਹਉਕੇ ਭਰਦੀਆਂ, ਧੂੰਏਂ ਦੇ ਪੱਜ ਰੋਂਦੀਆਂ ਸਨ।

ਲੋਹੜੀ ਦਾ ਤਿਉਹਾਰ ਲੋਹੜੀ ਵਾਲੇ ਦਿਨ ਤੋਂ ਕਈ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਸੀ। ਪਿੰਡਾਂ ਵਿਚ ਕੁੜੀਆਂ ਅਤੇ ਮੁੰਡੇ ਟੋਲੀਆਂ ਬੰਨ੍ਹ ਕੇ ਮੋਢਿਆਂ ਤੇ ਝੋਲੇ ਟੰਗੀ ਲੋਹੜੀ ਵਾਲਿਆਂ ਦੇ ਘਰ ਲੋਹੜੀ ਮੰਗਣ ਜਾਂਦੇ ਸਨ। ਇਨ੍ਹਾਂ ਟੋਲੀਆਂ ਵਲੋਂ ਲੋਹੜੀ ਮੰਗਣ ਵੇਲੇ ਹਰ ਘਰ ਦੇ ਬੂਹੇ ਦੇ ਬਾਹਰ ਜਾਂ ਵਿਹੜੇ ਵਿਚ ਖੜ੍ਹ ਕੇ ਗੀਤ ਗਾਏ ਜਾਂਦੇ ਸਨ। ਘਰ ਵਾਲਿਆਂ ਵਲੋਂ ਮੂੰਗਫ਼ਲੀ-ਰਿਓੜੀਆਂ-ਚਿੜਵੇ, ਗੁੜ, ਗੱਚਕ, ਪਾਥੀਆਂ ਆਦਿ ਲੋਹੜੀ ਮੰਗਣ ਵਾਲਿਆਂ ਦੇ ਝੋਲਿਆਂ ਵਿਚ ਪਾਏ ਜਾਂਦੇ ਸਨ। ਪੈਸੇ ਵੀ ਦਿੱਤੇ ਜਾਦੇ ਸਨ। ਪਰਦੇਸਾਂ ਵਿਚ 'ਇਹ ਤਿਉਹਾਰ' ਜਨਵਰੀ ਮਹੀਨੇ ਦੇ ਲੋਹੜੀ ਦੇ ਨਾਲ ਲਗਦੇ ਵੀਕੈਂਡ (ਹਫ਼ਤੇ ਦੇ ਅਖ਼ੀਰ ਭਾਵ ਸ਼ਨੀਵਾਰ) ਨੂੰ ਮਨਾਇਆ ਜਾਂਦਾ ਹੈ। ਪੋਹ (ਜਨਵਰੀ) ਦੇ ਮਹੀਨੇ ਤਕਰੀਬਨ ਹਰ ਵੀਕੈਂਡ ਤੇ ਹੀ ਲੋਹੜੀ ਦਾ ਸਮਾਗਮ ਹੁੰਦਾ ਹੈ।

## ਕੁੜੀਆਂ ਵਲੋਂ ਗਾਏ ਜਾਣ ਵਾਲੇ ਗੀਤ:

ਲੋਹੜੀਏ ਨੀ!
ਗਿੱਗੇ ਮੋਲ਼ੀਏ ਨੀ।
ਗਿੱਗਾ ਜੰਮਿਆ ਨੀ,
ਗੁੜ ਵੰਡਿਆ ਨੀ,
ਗੁੜ ਦੀਆਂ ਰੋੜੀਆਂ ਨੀ,
ਭੈਨ ਮਰੋੜੀਆਂ ਨੀ।
ਭਰਾਮਾਂ ਜੋੜੀਆਂ ਨੀ,
ਨੀ ਤੇਰਾ ਗਿੱਗੜਾ।
ਜੀਵੇ ਟੋਪੀ ਵਾਲੜਾ,
ਜੀਵੇ ਭੈਣ-ਭਤੀਜੜਾ।
ਇਹ ਮੇਰੀ ਲੋਹੜੀ ਸੁਲੱਖਣੀ,
ਲੋਹੜੀ ਨੂੰ ਗੁੜ ਦੀ ਰੋੜੀ ਪਾਇਓ ਜੀ।

ਸੋਟੀ ਨੀ ਇਕ ਸੋਟੀ ਨੀ,
ਰੱਬ ਦੇਵੇ ਵੀਰਾ ਵੌਂਟ੍ਹੀ ਨੀ।
ਇਸ ਵੌਂਟ੍ਹੀ ਵੇਲ ਵਧਾਈ ਜੀ,
ਘਰ ਵਿਹੜੇ ਮਹਿਕ ਲਗਾਈ ਜੀ।
ਇਸ ਵੌਂਟ੍ਹੀ ਦੇ ਲੰਮੇ ਵਾਲ਼,
ਸੀਸ ਗੁੰਦਾਵੇ ਚੰਬੇ ਨਾਲ਼।
ਸੋਈ ਚੰਬਾ ਲੋੜੀਦਾ,
ਇਕ ਬਾਲਣ ਚਾਹੀਏ ਲੋਹੜੀ ਦਾ।

ਨੀ ਲੋਹੜੀਏ ਪਕਾਵੇ ਇਹਦੀ ਅੰਮਾਂ,
ਨੀ ਲੋਹੜੀਏ ਜਿਹਦਾ ਜੂੜਾ ਲੰਮਾ।

ਕੰਡਾ ਨੀ, ਲੋਕੜੀਓ ਕੰਡਾ।
ਕੰਡਾ ਨੀ, ਲੋਕੜੀਓ ਕੰਡਾ।
ਇਸ ਕੰਡੇ ਦੇ ਨਾਲ ਕਲੀਰੇ,
ਜੁੱਗ ਜੀਵਣ ਨੀ ਭੈਣੇ ਤੇਰੇ ਵੀਰੇ।
ਇਨ੍ਹਾਂ ਵੀਰਾਂ ਨੇ ਪਾ ਲਈ ਹੱਟੀ,
ਇਸ ਹੱਟੀ ਦਾ ਬੂਹਾ ਉੱਚਾ।
ਇਸ ਭਾਬੋ ਦਾ ਚੂੜਾ ਸੁੱਚਾ,
ਇਸ ਭਾਬੋ ਦਾ ਚੂੜਾ ਸੁੱਚਾ।

ਸੁਣ ਲੋਹੜੀਏ! ਚਾਰ ਨਿੰਬੂ ਪੱਕੇ।
ਸੁਣ ਲੋਹੜੀਏ! ਭਾਬੋ ਚੜ੍ਹ ਗਈ ਯੱਕੇ।
ਸੁਣ ਲੋਹੜੀਏ! ਭਾਬੋ ਕੁੱਛੜ ਗਿੱਗਾ।
ਸੁਣ ਲੋਹੜੀਏ! ਮੈਂ ਸੁਣਿਆ ਭਤੀਜਾ।
ਸੁਣ ਲੋਹੜੀਏ! ਭਤੀਜੇ ਪੈਰੀਂ ਕੜੀਆਂ।
ਸੁਣ ਲੋਹੜੀਏ! ਕਿਸ ਸੁਨਿਆਰੇ ਘੜੀਆਂ।
ਸੁਣ ਲੋਹੜੀਏ! ਪਹਿਨਣ ਵਾਲਾ ਹੀਰਾ।
ਸੁਣ ਲੋਹੜੀਏ! ਦਿਵਾਲੀ ਵਾਲਾ ਦੀਵਾ।

ਚੰਨ ਪਕਾਵੇ ਰੋਟੀਆਂ, ਤਾਰਾ ਕਰੇ *ਰਸੋ।
ਨੀ ਹੋ! ਤਾਰਾ ਕਰੇ ਰਸੋ।
ਸੱਸੂ ਮੈਨੂੰ ਆਖਦੀ, ਘਿਓ ਵਿਚ ਮੈਦਾ ਗੋ।
ਨੀ ਹੋ! ਘਿਓ ਵਿਚ ਮੈਦਾ ਗੋ।
ਘਿਓ ਵਿਚ ਮੈਦਾ ਥੋੜ੍ਹਾ ਪਿਆ,
ਸੱਸੂ ਮੈਨੂੰ ਗਾਲ੍ਹੀਆਂ ਕੱਢੇ।
ਨੀ ਹੋ! ਸੱਸੂ ਮੈਨੂੰ ਗਾਲ੍ਹੀਆਂ ਕੱਢੇ।
ਨਾ ਕੱਢ ਸੱਸੂ ਗਾਲ੍ਹੀਆਂ, ਇੱਥੇ ਮੇਰਾ ਕੌਣ ਸੁਣੇ।
ਨੀ ਹੋ! ਇੱਥੇ ਮੇਰਾ ਕੌਣ ਸੁਣੇ।
ਮੈਲ੍ਹਾਂ ਓਹਲੇ ਵੀਰ ਖੜ੍ਹਾ,
ਰੋ-ਰੋ ਅੱਖੀਆਂ ਭਰੇ।
ਨੀ ਹੋ! ਰੋ-ਰੋ ਅੱਖੀਆਂ ਭਰੇ।
ਨਾ ਰੋ ਵੀਰਾ ਮੇਰਿਆ,
ਭੈਣਾਂ ਦੇ ਦੁੱਖ ਬੜੇ।
ਨੀ ਹੋ! ਭੈਣਾਂ ਦੇ ਦੁੱਖ ਬੜੇ।
*ਰਸੋ-ਰਸੋਅ ਭਾਵ ਰਸੋਈ ਕਰਨਾ।

ਅੰਬੇ ਨੀ ਮਾਂ ਮੇਰੇ ਅੰਬੇ,
ਮੇਰੇ ਸੱਤ ਭਰਾ ਮੰਗੇ।
ਮੇਰਾ ਇਕ ਭਰਾ ਕੁਆਰਾ,
ਉਹ ਕੌਡੀ ਖੇਡਣ ਵਾਲਾ।
ਉਹ ਕੌਡੀ ਕਿੱਥੇ ਖੇਡੇ,
ਲਹੌਰ ਸ਼ਹਿਰ ਖੇਡੇ।
ਲਹੌਰ ਸ਼ਹਿਰ ਉੱਚਾ,
ਮੇਰੇ ਮਨ ਨੂੰ ਲੱਗੇ ਸੁੱਚਾ।
ਮੈਂ ਬਾਗ਼ਾਂ ਵਿਚ ਖਲੋਤੀ ,
ਮੇਰੇ ਮਨ ਨੂੰ ਲੱਗੇ ਮੋਤੀ।

ਲੋਹੜੀ ਦਾ ਮਹੀਨਾ ਚੜ੍ਹਿਆ,
ਵੀਰ ਮੇਰਾ ਘਰ ਆਇਆ।
ਨਾ ਮੇਰੀ ਨਣਦੇ ਲੱਸੀ ਦਿੱਤੀ।
ਨਾ ਮੇਰਾ ਵੀਰ ਬੁਲਾਇਆ।
ਲੱਸੀ ਛੱਡ ਮੈਂ ਦੁੱਧ ਪਿਲਾਮਾਂ,
ਪੀ ਮੇਰੀ ਅੰਮਾ ਜਾਇਆ।

ਅਸੀਂ ਆਈਆਂ ਕੁੜੇ!
ਅਸੀਂ ਆਈਆਂ ਕੁੜੇ!
ਆਈਆਂ ਲੰਬੜਾਂ ਦੇ ਵੇਹੜੇ ਕੁੜੇ!
ਲੰਬੜਾਂ ਨੇ ਕੀ ਕੁਛ ਦਿੱਤਾ ਕੁੜੇ!
ਦਿੱਤੀਆਂ ਲੇਫ਼ ਤਲਾਈਆਂ ਕੁੜੇ!
ਲੇਫ਼ੀਂ ਕੌਣ ਕੌਣ ਸੁੱਤਾ ਕੁੜੇ!
ਸੁੱਤਾ ਭੈਣ ਦਾ ਵੀਰਾ ਕੁੜੇ!
ਸੁੱਤੇ ਨੂੰ ਕੌਣ ਜਗਾਵੇ ਕੁੜੇ!
ਜਗਾਵੇ ਇਹਦੀ ਅੰਮਾਂ ਕੁੜੇ!
ਲਿਆਵੇ ਦੁੱਧ ਦਾ ਛੰਨਾ ਕੁੜੇ!
ਛੰਨੇ ਦੇ ਵਿਚ ਮੇਵਾ ਕੁੜੇ!
ਜੁੱਗ ਜੀਵੇ ਬੱਚੜਾ ਤੇਰਾ ਕੁੜੇ!

ਤਿਲ ਚੌਲੀਏ ਨੀ, ਗਿੱਗਾ ਮੌਲੀਏ ਨੀ।
ਗਿੱਗਾ ਜੰਮਿਆਂ ਨੀ, ਗੁੜ ਵੰਡਿਆ ਨੀ।
ਗੁੜ ਦੀਆਂ ਰੋੜੀਆਂ ਨੀ, ਭਰਾਮਾਂ ਜੋੜੀਆਂ ਨੀ।
ਗਿੱਗਾ ਆਪ ਜੀਵੇਗਾ, ਘੁਮਾਈ ਬਾਪ ਜੀਵੇਗਾ।
ਸਹੁਰਾ ਸਾਕ ਜੀਵੇਗਾ, ਤਿਲ ਚੌਲੀਏ ਨੀ।

ਤੇਰੇ ਵੇੜ੍ਹੇ ਵਿਚ ਮਸ਼ੀਨ,
ਤੇਰਾ ਪੁੱਤ ਬੜਾ ਸ਼ੁਕੀਨ।
ਲਾਉਂਦਾ ਪਾਉਡਰ ਤੇ ਕਰੀਮ,
ਪਾਉਂਦਾ ਪੈਂਟ ਤੇ ਕਮੀਜ਼।

ਤੇਰੇ ਵੇੜ੍ਹੇ ਵਿਚ ਕੜਾਹੀ,
ਤੇਰਾ ਪੁੱਤ ਬਣੇ ਸਿਪਾਹੀ।

ਹੁੱਲੇ ਨੀ ਮਾਂ ਹੁੱਲੇ,
ਦੋ ਬੇਰੀ ਪੱਤਰ ਝੁੱਲੇ।
ਦੋ ਝੁੱਲ ਪਈਆਂ ਖਜੂਰਾਂ,
ਖਜੂਰਾਂ ਸੁੱਟਿਆ ਮੇਵਾ।
ਇਸ ਮੁੰਡੇ ਦਾ ਕਰੋ ਮੰਗੇਵਾ,
ਇਸ ਮੁੰਡੇ ਦੀ ਵਹੁਟੀ ਨਿੱਕੜੀ।
ਜੋ ਖਾਂਦੀ ਚੂਰੀ ਕੁੱਟੜੀ,
ਵੌਂਟ੍ਹੀ ਕੁੱਟ-ਕੁੱਟ ਭਰਿਆ ਥਾਲ।
ਵੌਂਟ੍ਹੀ ਬਵ੍ਹੇ ਨਣਾਨਾਂ ਨਾਲ,
ਨਣਾਨ ਤੇ ਵੱਡੀ ਭਰਜਾਈ।
ਚੁੱਕ ਕੁੜਮਾਂ ਦੇ ਘਰ ਆਈ,
ਚੁੱਕ ਕੁੜਮਾਂ ਦੇ ਘਰ ਆਈ।

ਸੌ ਲੱਡੂ ਤੇ ਸੌ ਪੇੜਾ,
ਮਾਈਏਂ ਖਾਨੀ ਏਂ ਤਾਂ ਖਾਹ।
ਸਾਡੇ ਕੁੱਤਿਆਂ ਨੂੰ ਦ੍ਹੇ ਪਾ,
ਸਾਡੇ ਕੁੱਤੇ ਦੇਣ ਵਧਾਈਆਂ।
ਤੇਰੀਆਂ ਜੀਵਣ ਮੱਝਾਂ ਗਾਈਆਂ,
ਮੱਝਾਂ ਗਾਈਆਂ ਦਿੱਤਾ ਦੁੱਧ।
ਤੇਰੇ ਜੀਵਣ ਸੱਤੇ ਪੁੱਤ,
ਸੱਤਾਂ ਪੁੱਤਰਾਂ ਦੀ ਕੁੜਮਾਈ।
ਭੈਣ ਭੱਜੀ-ਭੱਜੀ ਆਈ,
ਦੇ ਮਾਈ ਲੱਕੜੀ ਤੇ ਦੇ ਮਾਈ ਗੋਹਾ।
ਤੇਰਾ ਪੁੱਤਰ ਨਮਾਂ ਨਰੋਆ,
ਲੋਹੜੀ ਜੀ, ਲੋਹੜੀ!

ਗਿੱਗਾ ਜੰਮਿਆਂ ਸੀ ਰਾਤ,
ਗੁੜ ਪਾ ਲਿਆ ਪਰਾਤ।
ਗਿੱਗਾ ਜੰਮਿਆਂ ਸੀ ਓਹਲੇ,
ਗੁੜ ਪਾ ਲਿਆ ਭੜੋਲੇ।
ਗਿੱਗਾ ਹਰੀ ਹਰੀ ਕਮਾਦੀ,
ਵੇ ਲੜਾਕੀ ਤੇਰੀ ਦਾਦੀ।
ਗਿੱਗਾ ਸਿੱਪੀ ਵਿਚ ਘਿਓ,
ਵੇ ਅਮੀਰ ਤੇਰਾ ਪਿਓ।
ਤੇਰੇ ਚੌਂਕੇ ਵਿਚ ਛਾਬਾ,
ਵੇ ਕੰਜੂਸ ਤੇਰਾ ਬਾਬਾ।

ਸਾਡੇ ਪੈਰਾਂ ਹੇਠ ਸਿਲਾਈਆਂ,
ਅਸੀਂ ਕਿਹੜੇ ਵੇਲੇ ਦੀਆਂ ਆਈਆਂ।
ਸਾਡੇ ਪੈਰਾਂ ਹੇਠਾਂ ਰੋੜ,
ਸਾਨੂੰ ਛੇਤੀ ਛੇਤੀ ਤੋਰ।
ਤੁਹਾਡੇ ਕੋਠੇ 'ਤੇ ਪਰਨਾਲਾ,
ਸਾਨੂੰ ਉੱਤੋਂ ਪੈਂਦਾ ਪਾਲ਼ਾ।

ਆਇਆ ਵਰ੍ਹੇ ਦਿਨਾਂ ਦਾ ਦਿਨ,
ਬੀਬੀ ਕਰ ਲੈ ਦਾਨ ਪੁੰਨ।
ਤੇਰੇ ਕੋਠੇ ਉੱਤੇ ਮੋਰ,
ਰੱਬ ਮੁੰਡਾ ਦੇਵੇ ਹੋਰ।
ਤੇਰਾ ਉਹ ਵੀ ਜੀਊਗਾ,
ਨੀ ਰੱਬ ਹੋਰ ਦੇਊਗਾ।
ਸਾਨੂੰ ਪਾਓ ਲੋਹੜੀ,
ਤੁਹਾਡੀ ਜੀਵੇ ਜੋੜੀ।

ਤੂੰ ਤੇ ਆਪ ਬੜੀ ਸ਼ੁਕੀਨ,
ਲਾਮੇਂ ਪਾਉਡਰ ਤੇ ਕਰੀਮ।
ਤੇਰੇ ਬੂਹੇ ਅੱਗੇ ਛੈਣਾਂ,
ਵੇਲਾਂ ਦੇਣ ਮੁੰਡੇ ਦੀਆਂ ਭੈਣਾਂ।
ਤੇਰੀ ਬਲਦਾਂ ਦੀ ਪੰਜਾਲੀ,
ਤੇਰੇ ਪੋਤੇ ਹੋਵਣ ਚਾਲੀ।
ਤੇਰੇ ਬੂਹੇ ਅੱਗੇ ਚੇਨ,
ਮੁੰਡਿਆ ਵੌਂਟ੍ਹੀ ਲਿਆਵੀਂ ਮੇਮ।

ਚੰਨ ਚਾਨਣੀ ਰਾਤ ਨੀ ਕੁੜੀਓ, ਤਾਰਿਆਂ ਝੁੰਮਰ ਪਾਇਆ।
ਕੇੜ੍ਹੀ ਦੂਰ ਵਸੇਂਦੀ ਦਾ ਅੱਜ ਵੀਰਨ ਲੋੜ੍ਹੀ ਲਿਆਇਆ।
ਉੱਠ ਕੁੜੇ ਤੂੰ ਅਨੀਤਾ ਕੁੜੀਏ, ਤੇਰਾ ਵੀਰਨ ਆਇਆ,
ਸਭੇ ਸਹੇਲੀਆਂ ਪੁੱਛਣ ਲੱਗੀਆਂ, ਕੀ ਕੁਛ ਵੀਰਾ ਲਿਆਇਆ।
ਆਉਂਦਾ ਚੜ੍ਹ ਪਲੰਘ ਤੇ ਬੈਠਾ, ਲੱਸੀ ਦਾ ਤ੍ਰਿਹਾਇਆ।
ਕੱਚੀ ਲੱਸੀ ਕਦੇ ਨਾ ਦੇਮਾਂ, ਕੜ੍ਹਦਾ ਦੁੱਧ ਬਣਾਇਆ।
ਪੀ ਲੈ ਪੀ ਲੈ ਅੰਮਾਂ ਜਾਇਆ, ਲੱਪ ਕੁ ਮਿੱਠਾ ਪਾਇਆ।
ਹੇਠਾਂ ਗੜਵਾ ਉੱਤੇ ਕਟੋਰਾ, ਪੀ ਮੇਰੀ ਅੰਮਾਂ ਜਾਇਆ।
ਲੱਡੂ, ਪਿੰਨੀਆਂ, ਚੂੜਾ, ਕੰਙਣ, ਸਭ ਕੁਛ ਖੋਲ੍ਹ ਦਿਖਾਇਆ।
ਚੰਨ ਚਾਨਣੀ ਰਾਤ ਨੀ ਕੁੜੀਓ, ਤਾਰਿਆਂ ਝੁੰਮਰ ਪਾਇਆ।

ਕਾਕਾ ਮਾਰ ਛੁੱਲਾਂ ਨੂੰ ਅੱਡੀ,
ਤੇਰੀ ਉਮਰ ਹੋਵੇਗੀ ਵੱਡੀ।
ਤੇਰੇ ਬੂਹੇ ਅੱਗੇ ਆਈਆਂ,
ਲੈ ਕੇ ਜਾਣਾ ਹੈ ਵਧਾਈਆਂ।
ਤੇਰੇ ਕੋਠੇ ਤੇ ਅਖ਼ਰੋਟ,
ਸਾਨੂੰ ਦੇ ਦੇ ਸੌ ਦਾ ਨੋਟ।
ਸਾਨੂੰ ਦਿੰਦਾ ਡੋਰੀਆ...

ਛੋਟਾ ਕਾਕਾ ਰਾਜਾ, ਹੇਠ ਘੋੜਾ ਤਾਜ਼ਾ।
ਕੌਲੀ ਭਰੀ ਖੀਰ ਦੀ, ਜੰਞ ਮੇਰੇ ਵੀਰ ਦੀ।

-ਨੀਲਮ ਸੈਣੀ


WHITE ROSE BUILDERS
We do not build houses, We create homes...
Proudly Celebrating
20 Years in Business
DREAMLINE
HOMES
Turning dreams into reality
- Free Design*
- New Homes
- Design & Build
- Sub Division
- Additions
- Alterations
- Renovations
- Residential
- Commercial
- Fixed Price Contract - On Time Completion - No Hidden Costs
LICENSED BUILDING PRACTITIONER
www.dbh.govt.nz
BUILDING CONFIDENCE
New Zealand Certified Builders Association
NZ CB
20
Years of
Turning Dreams Into Reality
Halo
10 YEAR RESIDENTIAL GUARANTEE INSURANCE
138P, Plunket Ave, P O Box 76-879 Manukau-2241, New Zealand
+64 9 271 3162 +64 274 483 758 info@dreamline.co.nz www.dreamline.co.nz
100% NZ
Owned & Operated